17-DEC-PAGE-1.qxd 12/16/2023 10:53 PM Page 1

ਐਤਵਾਰ, 17 ਦਸੰਬਰ, 2023
2 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 197

ਨਵਾਂ ਜ਼ਮਾਨਾ

DAILY NAWAN ZAMANA • SUNDAY, 17 DECEMBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ 10+6=16

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਧਾਰਾ 370 'ਤੇ ਸੁਪਰੀਮ ਕੋਰਟ ਦਾ ਫੈਸਲਾ ਪ੍ਰੇਸ਼ਾਨ ਕਰਨ ਵਾਲਾ : ਜਸਟਿਸ ਨਰੀਮਨ

ਮੁੰਬਈ : ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਰੋਹਿੰਟਨ ਨਰੀਮਨ ਨੇ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੇ ਸੰਵਿਧਾਨ ਦੀ ਧਾਰਾ 370 ਨੂੰ ਰੱਦ ਕਰਨ ਦੇ ਸਿਖਰਲੀ ਅਦਾਲਤ ਦੇ ਹਾਲੀਆ ਫੈਸਲੇ 'ਤੇ ਤਿੱਖਾ ਹਮਲਾ ਬੋਲਿਆ ਹੈ। ਜਸਟਿਸ ਨਰੀਮਨ ਨੇ ਕਿਹਾ ਕਿ ਇਸ ਫੈਸਲੇ ਦਾ ਸੰਘਵਾਦ 'ਤੇ ਅਸਰ ਪਿਆ ਹੈ। ਮੁੰਬਈ 'ਚ 'ਭਾਰਤ ਦਾ ਸੰਵਿਧਾਨ ਕੰਟਰੋਲ ਅਤੇ ਸੰਤੁਲਨ' ਵਿਸ਼ੇ 'ਤੇ ਭਾਸ਼ਣ ਦਿੰਦੇ ਹੋਏ ਜਸਟਿਸ ਨਰੀਮਨ ਨੇ ਕਿਹਾ ਕਿ ਸੂਬੇ ਨੂੰ ਕੇਂਦਰ ਸ਼ਾਸਤ ਪ੍ਰਦੇਸ਼ 'ਚ ਬਦਲਣ 'ਤੇ ਫੈਸਲਾ ਲੈਣ ਤੋਂ ਇਨਕਾਰ ਕਰਕੇ ਸਿਖਰਲੀ ਅਦਾਲਤ ਨੇ ਕੇਂਦਰ ਸਰਕਾਰ ਨੂੰ ਧਾਰਾ 356 ਨੂੰ ਦਰਕਿਨਾਰ ਕਰਨ ਦੀ ਇਜਾਜ਼ਤ ਦਿੱਤੀ ਹੈ, ਜਿਸ ਅਨੁਸਾਰ ਕਿਸੇ ਵੀ ਸੂਬੇ 'ਚ ਰਾਸ਼ਟਰਪਤੀ ਸ਼ਾਸਨ ਸਿਰਫ਼ ਇੱਕ ਸਾਲ ਲਈ ਸੰਭਵ ਹੈ।

ਜਸਟਿਸ ਨਰੀਮਨ ਨੇ ਕਿਹਾ—ਧਾਰਾ 356 ਸੰਵਿਧਾਨਕ ਸੰਕਟ ਨਾਲ ਸੰਬੰਧਤ ਹੈ, ਜਦ ਕੇਂਦਰ ਸੱਤਾ ਸੰਭਾਲਦਾ ਹੈ। ਕਿਸੇ ਵੀ ਸਥਿਤੀ 'ਚ ਇਹ ਇੱਕ ਸਾਲ ਤੋਂ ਵੱਧ ਨਹੀਂ ਹੋ ਸਕਦਾ, ਜਦ ਤੱਕ ਕਿ ਐਮਰਜੈਂਸੀ ਨਾ ਲੱਗੀ ਹੋਵੇ ਜਾਂ ਚੋਣ ਕਮਿਸ਼ਨ ਨੂੰ ਇਹ ਨਾ ਕਹਿਣਾ ਪਵੇ ਕਿ ਚੋਣਾਂ ਸੰਭਵ ਨਹੀਂ ਹਨ। ਇਸ ਨੂੰ ਦਰਕਿਨਾਰ ਕਰਨ ਲਈ ਕੇਂਦਰ ਸਰਕਾਰ ਨੇ ਸੂਬੇ ਨੂੰ ਕੇਂਦਰ ਸ਼ਾਸਤ ਪ੍ਰਦੇਸ਼ 'ਚ ਬਦਲਣ ਦਾ ਅਨੋਖਾ ਤਰੀਕਾ ਕੱਢਿਆ। ਇਸ 'ਚ ਕਿਹਾ ਗਿਆ ਕਿ 'ਅਸੀਂ ਫੈਸਲਾ ਨਹੀਂ ਕਰਾਂਗੇ' ਦਾ ਮਤਲਬ ਹੈ, ਵਾਸਤਵ 'ਚ ਤੁਸੀਂ ਫੈਸਲਾ ਕਰ ਲਿਆ ਹੈ। ਤੁਸੀਂ

ਇਸ ਅਸੰਵਿਧਾਨਕ ਨਿਯਮ ਨੂੰ ਅਨਿਸਚਿਤ ਸਮੇਂ ਲਈ ਅੱਗੇ ਵਧਾਉਣ ਦੀ ਇਜਾਜ਼ਤ ਦਿੱਤੀ ਹੈ ਅਤੇ ਤੁਸੀਂ ਧਾਰਾ 356 (5) ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ। ਇਹ ਸਾਰੀਆਂ ਬਹੁਤ ਪ੍ਰੇਸ਼ਾਨ ਕਰਨ ਵਾਲੀਆਂ ਗੱਲਾਂ ਹਨ।

ਸਾਲੀਸਿਟਰ ਜਨਰਲ (ਐੱਸ ਜੀ) ਤੁਸ਼ਾਰ ਮਹਿਤਾ ਦੇ ਇਸ ਭਰੋਸੇ 'ਤੇ ਕਿ ਜੰਮੂ-ਕਸ਼ਮੀਰ ਨੂੰ ਛੇਤੀ ਹੀ ਸੂਬੇ ਦਾ ਦਰਜਾ ਬਹਾਲ ਕੀਤਾ ਜਾਵੇਗਾ। ਇਸ 'ਤੇ ਫੈਸਲਾ ਨਾ ਲੈਣ ਦੇ ਅਦਾਲਤ ਦੇ ਤਰਕ ਦੇ ਸੰਬੰਧ 'ਚ ਜਸਟਿਸ ਨਰੀਮਨ ਨੇ ਕਿਹਾ—ਐੱਸ ਜੀ ਕੋਲ ਉਤਰਾਅਧਿਕਾਰੀ ਸਰਕਾਰ ਜਾਂ ਵਿਧਾਨਕ ਕਾਰਵਾਈ 'ਚ ਰੁਕਾਵਟ ਪਾਉਣ ਦਾ ਅਧਿਕਾਰ ਨਹੀਂ। ਜੰਮੂ-ਕਸ਼ਮੀਰ ਨੂੰ ਮੁੜ ਕੇਂਦਰ ਸ਼ਾਸਤ ਪ੍ਰਦੇਸ਼ 'ਚ ਬਦਲਣ ਲਈ ਇਕ ਕਾਨੂੰਨ ਦੀ ਜ਼ਰੂਰਤ ਹੋਵੇਗੀ। ਜਸਟਿਸ

● ਬਾਕੀ ਸਫ਼ਾ 2 'ਤੇ

ਸੁਪਰੀਮ ਕੋਰਟ ਤੇ ਉਸ ਦੇ ਜੱਜ ਸਰਕਾਰ ਲਈ ਫੰਡ ਕੁਲੈਕਟਰ ਨਹੀਂ : ਜਸਟਿਸ ਕੌਲ

ਨਵੀਂ ਦਿੱਲੀ : ਸੁਪਰੀਮ ਕੋਰਟ ਦੇ ਜਸਟਿਸ ਸੰਜੈ ਕਿਸ਼ਨ ਕੌਲ ਨੇ ਆਪਣੀ ਫੇਅਰਵੈੱਲ ਸਪੀਚ 'ਚ ਵੱਡੀਆਂ ਗੱਲਾਂ ਕਹੀਆਂ। ਉਨ੍ਹਾ ਸਾਫ਼ ਸ਼ਬਦਾਂ 'ਚ ਕਿਹਾ ਕਿ ਸੁਪਰੀਮ ਕੋਰਟ ਅਤੇ ਉਸ ਦੇ ਜਸਟਿਸ ਸਰਕਾਰ ਲਈ ਫੰਡ ਕੁਲੈਕਟਰ ਨਹੀਂ ਹਨ। ਉਨ੍ਹਾ ਕਿਹਾ ਕਿ ਕਿਸੇ ਮਾਮਲੇ ਨਾਲ ਜੁੜੇ ਖ਼ਤਰਿਆਂ ਦੀ ਤੁਲਨਾ 'ਚ ਕਾਨੂੰਨ ਦੇ ਸਿਧਾਂਤ ਜ਼ਿਆਦਾ ਜ਼ਰੂਰੀ ਹਨ। ਉੱਚ ਅਦਾਲਤ 'ਚ ਜਸਟਿਸ ਦੇ ਰੂਪ 'ਚ 6 ਸਾਲ ਅਤੇ 10 ਮਹੀਨੇ ਤੋਂ ਵੱਧ ਕਾਰਜਕਾਲ ਤੋਂ ਬਾਅਦ 25 ਦਸੰਬਰ ਨੂੰ ਜਸਟਿਸ ਕੌਲ ਰਿਟਾਇਰਡ ਹੋ ਰਹੇ ਹਨ। ਸ਼ੁੱਕਰਵਾਰ ਉਹ ਉਸ ਰਸਮੀ ਬੈਂਚ ਦਾ ਹਿੱਸਾ ਸਨ, ਜੋ ਉਨ੍ਹਾ ਨੂੰ ਵਿਦਾਈ ਦੇਣ ਲਈ ਇਕੱਠਾ ਹੋਇਆ ਸੀ। ਅਸਲ 'ਚ ਅਦਾਲਤ 'ਚ 18 ਦਸੰਬਰ ਤੋਂ 1 ਜਨਵਰੀ 2024 ਤੱਕ ਸਰਦ ਰੁੱਤ ਦੀਆਂ ਛੁੱਟੀਆਂ ਰਹਿਣੀਆਂ ਹਨ, ਇਸ ਦੌਰਾਨ ਕੌਲ ਦਾ ਕੱਲ੍ਹ ਆਖਰੀ ਦਿਨ ਸੀ।

ਜਸਟਿਸ ਕੌਲ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਜੱਜਾਂ ਨੂੰ ਸਾਹਸੀ ਹੋਣਾ ਚਾਹੀਦਾ ਹੈ। ਉਨ੍ਹਾ ਕਿਹਾ—ਮੈਂ ਨੂੰ

● ਬਾਕੀ ਸਫ਼ਾ 2 'ਤੇ

ਸੰਸਦ 'ਚ ਜੋ ਹੋਇਆ, ਉਹ ਬੇਰੁਜ਼ਗਾਰੀ ਦਾ ਨਤੀਜਾ : ਰਾਹੁਲ

ਨਵੀਂ ਦਿੱਲੀ : ਸੰਸਦ ਦੀ ਸੁਰੱਖਿਆ 'ਚ ਹੋਈ ਵੱਡੀ ਕੁਤਾਹੀ ਲਈ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਬੇਰੁਜ਼ਗਾਰੀ ਅਤੇ ਮਹਿੰਗਾਈ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਸ਼ਨੀਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਦੇ ਚੱਲਦੇ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਰਾਹੁਲ ਨੇ ਕਿਹਾ, 'ਸੁਰੱਖਿਆ 'ਚ ਕੁਤਾਹੀ ਜ਼ਰੂਰ ਹੋਈ ਹੈ, ਪਰ ਸਵਾਲ ਹੈ ਕਿ ਇਹ ਕਿਉਂ ਹੋਇਆ? ਦੇਸ਼ 'ਚ ਸਭ ਤੋਂ ਵੱਡਾ ਮੁੱਦਾ ਬੇਰੁਜ਼ਗਾਰੀ ਦਾ ਹੈ। ਇਹ ਦੇਸ਼ ਭਰ 'ਚ ਉਬਲ ਰਿਹਾ ਹੈ। ਮੋਦੀ ਸਰਕਾਰ ਦੀਆਂ ਨੀਤੀਆਂ ਕਾਰਨ ਹਿੰਦੁਸਤਾਨ 'ਚ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਉਥੇ ਹੀ ਕਾਂਗਰਸ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਕਿਹਾ ਭਾਜਪਾ ਸੰਸਦ 'ਚ ਸੁਰੱਖਿਆ ਨਾਲ ਜੁੜੇ ਮੁੱਦੇ ਦਾ ਰਾਜਨੀਤੀਕਰਨ ਕਰਕੇ ਇਸ ਗੰਭੀਰ ਮਾਮਲੇ ਨੂੰ ਬੇਵਜ੍ਹਾ ਰਾਜਨੀਤੀ ਦੇ ਰੰਗ ਵਿਚ ਰੰਗ ਰਹੀ ਹੈ। ਉਨ੍ਹਾ ਪਾਰਟੀ ਮੁੱਖ ਦਫ਼ਤਰ 'ਚ ਕਿਹਾ ਕਿ ਵਿਰੋਧੀ ਦਲ ਨਹੀਂ ਬਲਕਿ ਭਾਜਪਾ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਇਸ ਮੁੱਦੇ ਦਾ ਰਾਜਨੀਤੀਕਰਨ ਕਰ ਰਹੇ ਹਨ। ਉਨ੍ਹਾ ਕਿਹਾ ਕਿ ਦਿੱਲੀ ਪੁਲਸ ਗ੍ਰਹਿ ਮੰਤਰਾਲੇ ਦੇ ਅਧੀਨ ਹੈ ਅਤੇ ਦਿੱਲੀ ਪੁਲਸ ਨੇ ਅਦਾਲਤ 'ਚ ਕਿਹਾ ਕਿ ਇਹ ਅੱਤਵਾਦੀ ਹਮਲਾ ਹੈ, ਜਦਕਿ ਵਿਰੋਧੀ ਦਲ ਬਰਾਬਰ ਇਸ ਨੂੰ ਸੁਰੱਖਿਆ 'ਚ ਕੁਤਾਹੀ ਦਾ ਮੁੱਦਾ ਦੱਸ ਰਿਹਾ ਹੈ। ਇਸ ਲਈ ਵਿਰੋਧੀ ਦਲ ਨਹੀਂ, ਬਲਕਿ ਭਾਜਪਾ ਇਸ ਦਾ ਰਾਜਨੀਤੀਕਰਨ ਕਰ ਰਹੀ ਹੈ।

ਸਿੱਖ ਦੁਲਹਨ ਲਈ ਡਰੈੱਸ ਕੋਡ ਤੈਅ

ਗੁਰਦੁਆਰੇ 'ਚ ਲਾਵਾਂ-ਫੇਰੇ ਸਮੇਂ ਲਹਿੰਗਾ ਚੋਲੀ ਪਹਿਨਣ 'ਤੇ ਰੋਕ

ਅੰਮ੍ਰਿਤਸਰ : ਗੁਰਦੁਆਰਾ ਸਾਹਿਬ 'ਚ ਆਨੰਦ ਕਾਰਜਾਂ ਦੌਰਾਨ ਸਿੱਖ ਦੁਲਹਨ ਲਈ ਡਰੈੱਸ ਕੋਡ ਤੈਅ ਕਰ ਦਿੱਤਾ ਹੈ। ਸਿੱਖਾਂ ਦੇ ਪੰਜਵੇਂ ਤਖ਼ਤ ਦੇ ਜਥੇਦਾਰਾਂ ਦੀ ਤਖ਼ਤ ਸ੍ਰੀ ਹਜ਼ੂਰ ਸਾਹਿਬ 'ਚ ਮੀਟਿੰਗ ਦੌਰਾਨ ਇੱਕ ਪ੍ਰਸਤਾਵ ਪਾਸ ਕੀਤਾ ਗਿਆ। ਨਾਲ ਹੀ ਸਖ਼ਤੀ ਨਾਲ ਅਮਲ ਕਰਨ ਨੂੰ ਵੀ ਕਿਹਾ ਗਿਆ ਹੈ। ਜੇਕਰ ਕੋਈ ਇਸ ਦੀ ਪਾਲਣ ਸਹੀ ਤਰੀਕੇ ਨਾਲ ਨਾ ਕੀਤਾ ਗਿਆ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ ਦੇ ਪੰਜ ਪਿਆਰੇ ਸਾਹਿਬਾਨ ਨੇ ਆਨੰਦ ਕਾਰਜਾਂ ਲਈ ਸਿੱਖ ਸੰਗਤ ਲਈ ਗੁਰਮਤਾ ਜਾਰੀ ਕੀਤਾ ਹੈ। ਜਥੇਦਾਰ ਕੁਲਵੰਤ ਸਿੰਘ ਦੀ ਅਗਵਾਈ ਹੇਠ ਹੋਈ ਸਿੰਘ ਸਾਹਿਬਾਨਾਂ ਦੀ ਇਕੱਤਰਤਾ 'ਚ ਇਹ ਫੈਸਲਾ ਲਿਆ ਗਿਆ ਹੈ।ਇਕੱਤਰਤਾ ਤੋਂ ਬਾਅਦ ਜਥੇਦਾਰ ਨੇ ਦੱਸਿਆ ਕਿ ਆਨੰਦ ਕਾਰਜ ਦੌਰਾਨ ਬੱਚੀ ਨੂੰ ਸਿਰਫ ਸਲਵਾਰ ਕਮੀਜ਼ ਦਾ ਸਾਦਾ ਪਹਿਰਾਵਾ ਪਹਿਨਾਇਆ ਜਾਵੇ ਤੇ ਲਾਵਾਂ ਫੇਰੇ ਲੈਣ ਲਈ ਲਿਆਂਦੇ ਸਮੇਂ ਗੁਰੂ ਜੀ ਦੀ ਹਾਜ਼ਰੀ 'ਚ ਬੱਚੀ ਦੇ ਉਪਰ ਚੁੰਨੀ ਜਾਂ ਫੁਲਕਾਰੀ ਤਾਣ ਕੇ ਨਾ ਲਿਆਂਦਾ ਜਾਵੇ, ਜੋ ਕਿ ਗੁਰਮਤਿ ਦੇ ਉਲਟ ਹੈ ਅਤੇ ਇਸ ਮਾਡਰਨ ਰਿਵਾਜ 'ਤੇ ਤੁਰੰਤ ਪ੍ਰਭਾਵ ਨਾਲ ਸਿੰਘ ਸਾਹਿਬਾਨਾਂ ਵੱਲੋਂ ਪਾਬੰਦੀ ਲਗਾ ਦਿੱਤੀ ਗਈ ਹੈ। ਸਿੰਘ ਸਾਹਿਬਾਨਾਂ ਨੇ ਵਿਚਾਰ ਮਗਰੋਂ ਦੱਸਿਆ ਕਿ ਅਕਸਰ ਵੇਖਣ ਨੂੰ ਮਿਲ ਰਿਹਾ ਕਿ ਫੈਸ਼ਨ ਟਰੈਂਡ ਦੇ ਚੱਲਦੇ ਅੱਜਕੱਲ੍ਹ ਲਾੜੀ ਬਹੁਤ ਭਾਰੀ ਲਹਿੰਗਾ-ਚੋਲੀ ਪਾ ਕੇ ਆਉਂਦੀ ਹੈ, ਜਿਸ ਕਰਕੇ ਕਈ ਵਾਰ ਉਸ ਦਾ ਗੁਰੂ ਸਾਹਿਬ ਦੀ ਹਜ਼ੂਰੀ

ਸਤਿਕਾਰਯੋਗ ਪੰਜ ਪਿਆਰੇ ਸਾਹਿਬਾਨ ਵੱਲੋਂ
ਮਿਤੀ ੧੩-੧੨-੨੦੨੩ ਨੂੰ ਹੋਇਆ
* ਗੁਰਮਤਾ *

ਮੰਤਾ ਨੰ. ੧ – ਵਿਆਹ ਕਾਰਜਾਂ ਦੇ ਸਮੇਂ ਕਾਰਤਾ ਉਤੇ ਅਤੇ ਅੰਦਰ ਬੱਚੀ-ਬੱਚੀ ਦਾ ਪੂਰਾ ਨਾਮ ਸਿੰਘ ਤੇ ਕੌਰ ਸਹਿਤ ਛਪਾਇਆ ਜਾਵੇ।
ਮੰਤਾ ਨੰ. ੨ – ਲਾਵਾਂ ਫੇਰੇ ਸਮੇਂ ਬੱਚੀ ਨੂੰ ਸਲਵਾਰ ਕਮੀਜ਼ ਵਾਲਾ ਸੰਪੂਰਨ ਸੂਟ ਪਹਿਨਾਇਆ ਜਾਵੇ।
ਮੰਤਾ ਨੰ. ੩ – ਲਾਵਾਂ ਫੇਰੇ ਦੇ ਲਈ ਲਿਆਉਣ ਸਮੇਂ ਗੁਰੂ ਜੀ ਦੀ ਹਾਜ਼ਰੀ ਵਿੱਚ ਬੱਚੀ ਦੇ ਉਪਰ ਚੁੰਨੀ ਤਾਣ ਕੇ ਲਾਂ ਫੁੱਲਾ ਦਾ ਡਰਤ ਬਣਾਕੇ ਨਹੀ ਲਿਆਉਣਾ।

ਗੁਰੂ ਪੰਥ ਦੇ ਦਾਸ :-
ਕੁਲਵੰਤ ਸਿੰਘ ਜੱਥੇਦਾਰ | ਜੋਗਿੰਦਰ ਸਿੰਘ ਮੀਤ ਜੱਥੇਦਾਰ | ਕਸ਼ਮੀਰ ਸਿੰਘ ਪੰਜ ਪਿਆਰੇ | ਗੁਰਮੀਤ ਸਿੰਘ ਮੀਤ ਮੁਖੀ | ਰਾਮ ਸਿੰਘ ਮੁਖੀਆ

'ਚ ਉੱਠਣਾ-ਬੈਠਣਾ ਅਤੇ ਇੱਥੋਂ ਤੱਕ ਕਿ ਮੱਥਾ ਟੇਕਣਾ ਵੀ ਬਹੁਤ ਔਖਾ ਹੋ ਜਾਂਦਾ ਹੈ, ਜਿਸ ਨੂੰ ਮੁੱਖ ਰੱਖਦਿਆਂ ਹੁਣ ਲਾੜੀ ਨੂੰ ਸਿੱਖ ਮਰਯਾਦਾ ਮੁਤਾਬਕ ਲਹਿੰਗਾ-ਚੋਲੀ ਦੀ ਥਾਂ ਕਮੀਜ਼-ਸਲਵਾਰ ਪਾਉਣ ਦੇ ਹੁਕਮ ਦਿੱਤੇ

● ਬਾਕੀ ਸਫ਼ਾ 2 'ਤੇ

ਬੰਦੀ ਸਿੰਘਾਂ ਦੀ ਰਿਹਾਈ ਲਈ ਰੱਖਿਆ ਪ੍ਰੋਗਰਾਮ ਮੁਲਤਵੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਦਿੱਲੀ ਦੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਤੋਂ ਰਾਸ਼ਟਰਪਤੀ ਭਵਨ ਤੱਕ 20 ਦਸੰਬਰ ਨੂੰ ਕੱਢੇ ਜਾਣ ਵਾਲੇ ਰੋਸ ਮਾਰਚ ਨੂੰ ਹਾਲ ਦੀ ਘੜੀ ਮੁਲਤਵੀ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਲਿਖੀ ਚਿੱਠੀ ਤੋਂ ਬਾਅਦ ਮੁਲਤਵੀ ਕੀਤਾ ਗਿਆ ਹੈ, ਕਿਉਂਕਿ ਕਾਲਕਾ ਨੇ ਕਿਹਾ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸਰਕਾਰ ਦੇ ਨਾਲ ਸੰਵਾਦ ਕਰਕੇ ਹੀ ਮਸਲੇ ਨੂੰ ਹੱਲ ਕੀਤਾ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਬਣਾਈ ਪੰਜ ਮੈਂਬਰੀ ਕਮੇਟੀ ਹੀ ਬੰਦੀ ਸਿੰਘਾਂ ਦੀ ਰਿਹਾਈ ਲਈ ਆਪਣੇ ਪ੍ਰੋਗਰਾਮ ਨੂੰ ਉਲੀਕੇਗੀ, ਇਸ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ 20 ਦਸੰਬਰ ਨੂੰ ਰੱਖਿਆ ਗਿਆ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਗਿਆ ਹੈ। 26 ਲੱਖ ਫਾਰਮ ਜੋ ਕਿ ਰਾਸ਼ਟਰਪਤੀ ਭਵਨ ਤੱਕ ਲੈ ਕੇ ਜਾਣੇ ਸਨ, ਉਸ ਪ੍ਰੋਗਰਾਮ ਨੂੰ ਹਾਲ ਦੀ ਘੜੀ ਪੰਥਕ ਹਿੱਤਾਂ ਲਈ ਮੁਲਤਵੀ ਕੀਤਾ ਗਿਆ ਹੈ।

ਬਠਿੰਡਾ 'ਚ 'ਆਪ' ਦੀ 'ਵਿਕਾਸ ਕ੍ਰਾਂਤੀ ਰੈਲੀ' ਅੱਜ

ਭਗਵੰਤ ਮਾਨ ਤੇ ਅਰਵਿੰਦ ਕੇਜਰੀਵਾਲ 1125 ਕਰੋੜ ਦੇ ਵਿਕਾਸ ਪ੍ਰੋਜੈਕਟਾਂ ਦਾ ਕਰਨਗੇ ਉਦਘਾਟਨ

ਚੰਡੀਗੜ੍ਹ (ਗੁਰਜੀਤ ਬਿੱਲਾ)

ਬਠਿੰਡਾ ਵਿੱਚ ਆਮ ਆਦਮੀ ਪਾਰਟੀ ਦੀ 'ਵਿਕਾਸ ਕ੍ਰਾਂਤੀ ਰੈਲੀ' 17 ਦਸੰਬਰ ਨੂੰ ਹੋਵੇਗੀ। ਇਸ ਰੈਲੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਸ਼ਿਰਕਤ ਕਰਨਗੇ। ਦੋਵੇਂ ਆਗੂ ਬਠਿੰਡਾ ਲਈ 1125 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਕਰਨਗੇ। ਇਹ ਜਾਣਕਾਰੀ ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਸ਼ਨੀਵਾਰ ਨੂੰ ਚੰਡੀਗੜ੍ਹ ਪਾਰਟੀ ਦੇ ਮੁੱਖ ਦਫਤਰ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਦਿੱਤੀ। ਕੰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਵਿਕਾਸ ਕ੍ਰਾਂਤੀ ਰੈਲੀ ਸੂਬੇ ਦੇ ਵਿਕਾਸ ਪ੍ਰੋਜੈਕਟਾਂ ਨੂੰ ਹੁਲਾਰਾ ਦੇਣ ਲਈ ਕੰਮ ਕਰ ਰਹੀ ਹੈ। ਕੰਗ ਨੇ ਦੱਸਿਆ ਕਿ 17 ਦਸੰਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਬਠਿੰਡਾ ਵਿੱਚ ਨਵੇਂ ਬੱਸ ਸਟੈਂਡ, ਮਲਟੀਪਰਪਜ਼ ਆਡੀਟੋਰੀਅਮ ਅਤੇ 50 ਬਿਸਤਰਿਆਂ ਵਾਲੇ ਹਸਪਤਾਲ ਦਾ ਨੀਂਹ ਪੱਥਰ ਰੱਖਣਗੇ। ਉਹ ਬਠਿੰਡਾ ਦੇ ਦਿਹਾਤੀ ਖੇਤਰਾਂ ਲਈ ਸੀਵਰੇਜ ਅਤੇ ਸੜਕਾਂ ਨਾਲ ਸੰਬੰਧਤ ਕੰਮਾਂ ਦਾ ਨੀਂਹ ਪੱਥਰ

● ਬਾਕੀ ਸਫ਼ਾ 2 'ਤੇ

ਸਰਕਾਰੀ ਫ਼ੰਡ ਗ਼ਬਨ ਕਰਨ ਦੇ ਦੋਸ਼ ਹੇਠ ਬੀ ਡੀ ਪੀ ਓ ਮੁਅੱਤਲ

ਚੰਡੀਗੜ੍ਹ/ਲੁਧਿਆਣਾ (ਗੁਰਜੀਤ ਬਿੱਲਾ/ਰਾਜ ਸਿੰਗਲਾ)-ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਵਿਭਾਗ ਨੇ ਖੰਨਾ ਦੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ (ਬੀ ਡੀ ਪੀ ਓ) ਕੁਲਵਿੰਦਰ ਸਿੰਘ ਰੰਧਾਵਾ ਨੂੰ ਸਰਕਾਰੀ ਫ਼ੰਡਾਂ ਦੇ ਗ਼ਬਨ ਦੇ ਦੋਸ਼ ਹੇਠ ਤੁਰੰਤ ਪ੍ਰਭਾਵ ਤੋਂ ਮੁਅੱਤਲ ਕਰ ਦਿੱਤਾ ਹੈ। ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਬੀ ਡੀ ਪੀ ਓ ਖੰਨਾ ਕੁਲਵਿੰਦਰ ਸਿੰਘ ਰੰਧਾਵਾ ਵਿਰੁੱਧ ਸ਼ਿਕਾਇਤਾਂ ਦੇ ਆਧਾਰ 'ਤੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ (

17-DEC-PAGE-1.qxd 12/16/2023 10:54 PM Page 2

ਸਵ: ਧਨਵਿੰਦਰ ਸਿੰਘ ਧਨੀ ਦੀ ਯਾਦ 'ਚ ਪਿੰਡ ਰਾਏਸਰ ਤੋਂ ਸਮੂਹ ਨਗਰ ਨਿਵਾਸੀਆਂ, ਗੁਰਦੁਆਰਾ ਕਮੇਟੀਆਂ, ਯੂਥ ਕਲੱਬਾਂ ਦੇ ਸਹਿਯੋਗ ਨਾਲ ਇਕ ਟਰੱਕ ਜ਼ੀਰੀ ਦਾ ਬਾਬਾ ਜਗਰਾਜ ਸਿੰਘ ਹਰੀਗੜ੍ਹ ਵਾਲਿਆਂ ਦੀ ਅਗਵਾਈ ਹੇਠ ਸੱਚਖੰਡ ਸ੍ਰੀ ਹਜ਼ੂਰ ਸਹਿਬ ਲਈ ਰਵਾਨਾ ਕਰਨ ਸਮੇਂ ਮੁਹਤਬਰ, ਪਿੰਡ ਵਾਸੀ। (ਫੋਟੋ ਤੇ ਵੇਰਵਾ : ਪ੍ਰਦੀਪ ਸਿੰਘ ਲੋਹਗੜ੍ਹ, ਮਹਿਲ ਕਲਾਂ)

ਬਿਜਲੀ ਮੁਲਾਜ਼ਮਾਂ ਵੱਲੋਂ ਰੋਸ ਪ੍ਰਦਰਸ਼ਨ

ਮੂਨਕ (ਰਾਜਪਾਲ ਸਿੰਗਲਾ)-ਪੀ ਐੱਸ ਈ ਬੀ ਇੰਪਲਾਈਜ ਜਾਇੰਟ ਫੋਰਮ ਪੰਜਾਬ ਦੀ 12 ਦਸੰਬਰ ਨੂੰ ਪਟਿਆਲਾ ਵਿਖੇ ਹੋਈ ਮੀਟਿੰਗ ਦੇ ਫੈਸਲੇ ਅਨੁਸਾਰ ਪੰਜਾਬ ਦੇ ਮਸਿਟਰੀਅਲ ਕਾਮਿਆਂ ਵੱਲੋਂ ਆਪਣੀਆਂ ਮੰਗਾਂ ਦੇ ਸਬੰਧ ਵਿੱਚ ਕੀਤੀ ਜਾ ਰਹੀ ਹੜਤਾਲ ਦੇ ਸਮਰਥਨ ਵਿੱਚ ਤੇ ਪਾਵਰਕਾਮ ਮੈਨੇਜਮੈਂਟ ਵੱਲੋਂ ਮੰਨੀਆਂ ਮੰਗਾਂ ਲਾਗੂ ਨਾ ਕਰਨ ਦੇ ਰੋਸ ਵਜੋਂ ਬਿਜਲੀ ਮੁਲਾਜ਼ਮਾਂ ਵੱਲੋਂ ਕਾਲੇ ਬਿੱਲੇ ਲਗਾ ਕੇ ਡਿਊਟੀ ਕੀਤੀ ਗਈ ਤੇ ਮੁਲਾਜ਼ਮਾਂ ਵੱਲੋਂ ਸਬ ਡਵੀਜ਼ਨ ਮੂਨਕ ਦੇ ਗੇਟ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਮੁਲਾਜ਼ਮ ਯੂਨੀਅਨ ਦੇ ਆਗੂ ਚਿਮਲ ਲਾਲ, ਜਗਮੋਹਨ ਸਿੰਘ, ਸਰੇਸ਼ ਕੁਮਾਰ, ਨਰੇਸ਼ ਕੁਮਾਰ ਤੇ ਪਰਮਿੰਦਰ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

ਸੰਯੁਕਤ ਕਿਸਾਨ ਮੋਰਚਾ ਕਾਮਰੇਡ ਫੱਕਰ ਦੇ ਬਰਸੀ ਪ੍ਰੋਗਰਾਮ 'ਚ ਕਰੇਗਾ ਸ਼ਮੂਲੀਅਤ : ਆਗੂ

ਮਾਨਸਾ (ਆਤਮਾ ਸਿੰਘ ਪਮਾਰ)-ਮੁਜ਼ਾਰਾ ਲਹਿਰ ਦੇ ਮੋਢੀ ਮਹਾਨ ਕਮਿਉਨਿਸਟ ਆਗੂ ਤੇ ਸਾਬਕਾ ਵਿਧਾਇਕ ਕਾਮਰੇਡ ਧਰਮ ਸਿੰਘ ਫੱਕਰ ਦੀ 20 ਦਸੰਬਰ ਨੂੰ ਹੋਣ ਵਾਲੇ ਬਰਸੀ ਸਮਾਗਮ ਸਬੰਧੀ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਅਮਰੀਕ ਸਿੰਘ ਫੇਫੜੇ, ਕੁਲਦੀਪ ਸਿੰਘ ਚੱਕ ਭਾਈ ਕੇ ਤੇ ਰਾਮਫਲ ਸਿੰਘ ਚੱਕ ਅਲੀਸ਼ੇਰ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਕਾਮਰੇਡ ਧਰਮ ਸਿੰਘ ਫੱਕਰ ਵਰਗੇ ਮਹਾਨ ਆਗੂਆਂ ਦੀ ਕੁਰਬਾਨੀ ਤੇ ਸਹਿਯੋਗ ਸਦਕਾ ਮੁਜ਼ਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ ਗਿਆ ਸੀ ਤੇ ਕਾਰਪੋਰੇਟ ਘਰਾਣਿਆਂ ਦੀ ਅੱਖ ਸਾਡੀਆਂ ਜ਼ਮੀਨਾਂ ਨੂੰ ਹਥਿਆਉਣ ਦੀ ਹੈ, ਜਿਸ ਖਿਲਾਫ ਵੱਡੇ ਅੰਦੋਲਨ ਚਲਾਉਣ ਲਈ ਸ਼ਹੀਦਾਂ ਦੀ ਜੀਵਨੀ ਤੋਂ ਪ੍ਰੇਰਤ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਧਰਮ ਸਿੰਘ ਫੱਕਰ ਦੇ ਬਰਸੀ ਸਮਾਗਮ ਦੀ ਸੰਯੁਕਤ ਮੋਰਚਾ ਪੁਰਜ਼ੋਰ ਹਮਾਇਤ ਕਰਦਾ ਹੈ ਤੇ ਸਾਥੀਆਂ ਨੂੰ ਇਸ ਸਮਾਗਮ ਸਮੇਂ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭੁਪਿੰਦਰ ਸਿੰਘ ਗੁਰਨੇ, ਗਰੀਬਾ ਸਿੰਘ, ਕਾਮਰੇਡ ਬੱਲਮ ਸਿੰਘ ਫਫੜੇ ਆਦਿ ਆਗੂ ਹਾਜ਼ਰ ਸਨ।

ਪੈਰਾਡਾਈਜ਼ ਅਕੈਡਮੀ ਵਜੀਦਕੇ ਖੁਰਦ ਨੂੰ ਮਿਲਿਆ ਬੈਸਟ ਸਕੂਲ ਐਵਾਰਡ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਫੈਡਰੇਸ਼ਨ ਆਫ਼ ਪ੍ਰਾਈਵੇਟ ਆਫ਼ ਪੰਜਾਬ ਵੱਲੋਂ ਫੈਪ ਨੈਸ਼ਨਲ ਐਵਾਰਡ-2023 ਕਰਵਾਇਆ ਗਿਆ, ਜਿਸ ਵਿੱਚ ਵੱਖ ਵੱਖ ਕੈਟਾਗਿਰੀਆਂ ਲਈ ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਐਵਾਰਡ ਦਿੱਤੇ ਗਏ। ਇਸ ਵਿੱਚ 23 ਰਾਜਾਂ ਦੇ 10,000 ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ ਪੈਰਾਡਾਈਜ਼ ਵਜੀਦਕੇ ਖੁਰਦ (ਬਰਨਾਲਾ) ਨੂੰ ਬੈਸਟ ਸਕੂਲ, ਪ੍ਰਿੰਸੀਪਲ ਜਸਵਿੰਦਰ ਸਿੰਘ ਚਹਿਲ ਨੂੰ ਬੈਸਟ ਪ੍ਰਿੰਸੀਪਲ, ਦਿਲਸ਼ਾਦ ਖਾਨ ਨੂੰ ਬੈਸਟ ਮਿਊਜ਼ਿਕ ਟੀਚਰ ਤੇ ਦਸਵੀਂ ਸ਼੍ਰੇਣੀ ਦੇ ਵਿਦਿਆਰਥੀ ਅਮਰਿੰਦਰ ਸਿੰਘ ਪੁੱਤਰ ਜਸਪਾਲ ਸਿੰਘ ਠੁੱਲੀਵਾਲ ਨੇ ਪੰਜਾਬੀ ਲੋਕ ਗੀਤਾਂ ਵਿੱਚੋਂ ਪਹਿਲਾ ਸਥਾਨ ਹਾਸਲ ਹਾਸਲ ਕਰਕੇ ਬੈਸਟ ਸਟੂਡੈਂਟ ਦਾ ਐਵਾਰਡ ਪ੍ਰਾਪਤ ਕੀਤਾ।ਇਸ ਮਾਣਮੱਤੀ ਪ੍ਰਾਪਤੀ ਉਪਰੰਤ ਸਕੂਲ ਪਹੁੰਚਣ 'ਤੇ ਸਮੂਹ ਸਟਾਫ਼, ਵਿਦਿਆਰਥੀਆਂ ਵੱਲੋਂ ਐਵਾਰਡ ਜੇਤੂਆਂ ਦਾ ਭਰਵਾਂ ਸਵਾਗਤ ਕੀਤਾ ਗਿਆ।ਸਕੂਲ ਮੈਨੇਜਮੈਂਟ ਕਮੇਟੀ ਚੇਅਰਮੈਨ ਰਣਜੀਤ ਸਿੰਘ ਟੱਲੇਵਾਲ (ਰਿਟਾ: ਮੁੱਖ ਅਧਿਆਪਕ), ਚੇਅਰਮੈਨ ਸੁਰਿੰਦਰ ਬਾਵਾ, ਅਲੋਕ ਸਿੰਗਲਾ, ਸੰਜੀਵ ਸਿੰਗਲਾ, ਵਿਸ਼ਾਲ ਕੁਮਾਰ ਗਰਗ, ਬਲਜਿੰਦਰ ਕੁਮਾਰ, ਮੁਨੀਸ਼ ਕੁਮਾਰ ਨੇ ਮੁਬਾਰਕਬਾਦ ਦਿੱਤੀ।

ਸਰਬੱਤ ਦਾ ਭਲਾ ਟਰੱਸਟ ਨੇ 113 ਪੈਨਸ਼ਨ ਤੇ 8 ਮੈਡੀਕਲ ਦੇ ਚੈੱਕ ਵੰਡੇ

ਸੰਗਰੂਰ (ਪ੍ਰਵੀਨ ਸਿੰਘ)-ਡਾ. (ਪ੍ਰੋ) ਐੱਸ. ਪੀ. ਸਿੰਘ ਓਬਰਾਏ ਮੈਨੇਜਿੰਗ ਟਰੱਸਟ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦਾਂ ਨੂੰ ਪੈਨਸ਼ਨ ਤੇ ਹੋਰ ਭਲਾਈ ਸਕੀਮਾਂ ਲਈ ਹਰਮਨ ਹੋਟਲ ਵਿਖੇ ਸਮਾਗਮ ਕੀਤਾ ਗਿਆ।ਇਸ ਦੌਰਾਨ 113 ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨ ਦੇ ਚੈੱਕ ਦਿੱਤੇ ਗਏ।ਇਸ ਸਮੇਂ ਟਰੱਸਟ ਵੱਲੋਂ 8 ਮੈਡੀਕਲ ਸਹਾਇਤਾ ਦੇ ਚੈੱਕ ਵੀ ਲੋੜਵੰਦਾਂ ਨੂੰ ਦਿੱਤੇ ਗਏ।ਜ਼ਿਲ੍ਹਾ ਸੰਗਰੂਰ ਦੇ ਪਿੰਡ ਖੇੜੀ-ਜੱਟਾਂ ਵਿਖੇ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 1 ਸਤੰਬਰ 2015 ਤੋਂ ਚਲਾਏ ਜਾ ਰਹੇ ਕੰਪਿਊਟਰ ਸੈਂਟਰ ਦੇ ਪਾਸ ਹੋਏ ਸਿਖਿਆਰਥੀਆਂ ਨੂੰ ਅੱਜ ਸਰਟੀਫਿਕੇਟ ਪਿੰਡ ਖੇੜੀ-ਜੱਟਾਂ ਵਿਖੇ ਵੰਡੇ ਜਾਣਗੇ।ਇਥੇ ਇਹ ਵੀ ਵਰਣਨਯੋਗ ਹੈ ਕਿ ਪਿੰਡ ਖੇੜੀ ਜੱਟਾਂ ਵਿਖੇ ਨੇੜੇ ਦੇ 7-8 ਪਿੰਡਾਂ ਦੇ ਮੁੰਡੇ ਤੇ ਕੁੜੀਆਂ ਇਸ ਕੰਪਿਊਟਰ ਸੈਂਟਰ ਦਾ ਲਗਾਤਾਰ ਲਾਹਾ ਲੈ ਕੇ ਰੁਜ਼ਗਾਰ ਦੇ ਯੋਗ ਹੋ ਰਹੇ ਹਨ।ਟਰੱਸਟ ਵੱਲੋਂ ਲੜਕੀਆਂ ਨੂੰ ਸਵੈ-ਰੁਜ਼ਗਾਰ ਲਈ ਆਤਮ ਨਿਰਭਰ ਹੋਣ ਵਾਸਤੇ ਪਿੰਡ ਗੱਗੜਪੁਰ ਵਿਖੇ ਸਿਲਾਈ ਸੈਂਟਰ ਵੀ ਸਫਲ਼ਤਾਪੂਰਵਰਕ ਚੱਲ ਰਿਹਾ ਹੈ। ਇਸ ਸੈਂਟਰ ਦਾ ਵੀ ਲਾਭ ਲੜਕੀਆਂ ਤੇ ਔਰਤਾਂ ਉਠਾ ਰਹੀਆਂ ਹਨ। ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਸੁਖਮਿੰਦਰ ਸਿੰਘ ਹਰਮਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾ. (ਪ੍ਰੋ) ਐੱਸ. ਪੀ. ਸਿੰਘ ਓਬਰਾਏ ਬਿਨਾਂ ਕਿਸੇ ਤੋਂ ਆਰਥਕ ਮਦਦ ਲਏ ਬਿਨਾਂ ਆਪਣੇ ਸੋਮੇ ਸਾਧਨਾਂ ਵਿੱਚੋਂ 98 ਪ੍ਰਤੀਸ਼ਤ ਲੋਕ ਭਲਾਈ ਦੇ ਕੰਮਾਂ ਲਈ ਖਰਚ ਕਰਦੇ ਆ ਰਹੇ ਹਨ।ਇਸ ਸਮੇਂ ਹੋਰਨਾਂ ਤੋਂ ਇਲਾਵਾ ਕੁਲਵੰਤ ਸਿੰਘ ਬਾਜਵਾ, ਹਰਮੇਲ ਸਿੰਘ ਲੱਡਾ, ਓਮ ਪ੍ਰਕਾਸ਼ ਗਰੋਵਰ ਸੁਖਮਿੰਦਰ ਸ਼ਰਮਾ, ਮੈਡਮ ਸੰਤੋਖ ਕੌਰ ਤੇ ਫਤਿਹ ਪ੍ਰਭਾਕਰ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।

ਪੰਜਾਬ ਪੈਨਸ਼ਨਰਜ਼ ਯੂਨੀਅਨ ਅੱਜ ਮਨਾਏਗੀ ਪੈਨਸ਼ਨਰ ਦਿਵਸ

ਕੋਟਕਪੂਰਾ (ਰਛਪਾਲ ਭੁੱਲਰ)-ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਦੇ ਸੂਬਾਈ ਆਗੂ ਅਸ਼ੋਕ ਕੌਸ਼ਲ, ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਕੁਲਵੰਤ ਸਿੰਘ ਚਾਨੀ, ਜਨਰਲ ਸਕੱਤਰ ਪ੍ਰੇਮ ਚਾਵਲਾ, ਵਿੱਤ ਸਕੱਤਰ ਸੋਮ ਨਾਥ ਅਰੋੜਾ, ਮੀਤ ਪ੍ਰਧਾਨ ਗੁਰਚਰਨ ਸਿੰਘ ਮਾਨ, ਪ੍ਰੈੱਸ ਸਕੱਤਰ ਇਕਬਾਲ ਸਿੰਘ ਮੰਘੇੜਾ, ਸਹਾਇਕ ਵਿੱਤ ਸਕੱਤਰ ਤਰਸੇਮ ਨਰੂਲਾ ਤੇ ਸਹਾਇਕ ਸਕੱਤਰ ਸੁਖਦਰਸ਼ਨ ਸਿੰਘ ਗਿੱਲ ਨੇ ਦੱਸਿਆ ਕਿ 17 ਦਸੰਬਰ ਨੂੰ ਸਵੇਰੇ 10-30 ਵਜੇ ਪੈਨਸ਼ਨਰ ਦਿਵਸ ਮੌਕੇ ਸ਼ਹੀਦ ਭਗਤ ਸਿੰਘ ਪਾਰਕ ਸਾਹਮਣੇ ਪੁਰਾਣਾ ਕਿਲਾ ਸਕੂਲ ਕੋਟਕਪੂਰਾ ਵਿਖੇ ਪੈਨਸ਼ਨਰ ਡੇਅ ਦਾ ਇਤਿਹਾਸ ਤੇ ਮੌਜੂਦਾ ਸਮੇਂ ਵਿੱਚ ਦਰਪੇਸ਼ ਚੁਣੌਤੀਆਂ ਵਿਸ਼ੇ ਸਬੰਧੀ ਵਿਚਾਰ ਚਰਚਾ ਕਰਵਾਈ ਜਾ ਰਹੀ ਹੈ ।ਉਨ੍ਹਾਂ ਦੱਸਿਆ ਕਿ ਇਸ ਮੌਕੇ 80 ਸਾਲ ਦੇ ਲਗਭਗ ਉਮਰ ਪੂਰੀ ਕਰ ਚੁੱਕੇ ਬਜ਼ੁਰਗ ਪੈਨਸ਼ਨਰਜ਼ ਦਾ ਸਨਮਾਨ ਵੀ ਕੀਤਾ ਜਾਵੇਗਾ।

ਐੱਨ ਆਰ ਆਈ ਜੋੜੇ ਨੇ ਵਿਦਿਆਰਥੀਆਂ ਨੂੰ ਕੋਟੀਆਂ ਵੰਡੀਆਂ



ਧੂਰੀ (ਸੁਖਦੇਵ ਧੂਰੀ)-ਸਥਾਨਕ ਮਾਲਵਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਧੂਰੀ ਦੇ ਪੁਰਾਣੇ ਵਿਦਿਆਰਥੀ ਡਾਕਟਰ ਗੁਰਬਚਨ ਸਿੰਘ ਸੋਹੀ ਅਲਾਲ ਜੋ ਕਿ ਅੱਜਕੱਲ੍ਹ ਯੂ ਐੱਸ ਏ ਰਹਿ ਰਹੇ ਹਨ, ਨੇ ਮਾਲਵਾ ਖਾਲਸਾ ਸਕੂਲ ਤੋਂ ਦਸਵੀਂ ਕਲਾਸ 1955 ਵਿੱਚ ਪਾਸ ਕੀਤੀ ਸੀ।ਉਨ੍ਹਾਂ ਨੇ ਖਾਲਸਾ ਸਕੂਲ ਲਈ ਕੂਲਰ ਤੇ ਦੋ ਆਰ ਓ ਜਿਨ੍ਹਾਂ ਦੀ ਲਾਗਤ 126000 ਰੁਪਏ ਹੈ, ਦਾਨ ਕੀਤੇ ਸੀ।ਹੁਣ ਉਨ੍ਹਾਂ ਤੇ ਉਨ੍ਹਾਂ ਦੀ ਪਤਨੀ ਡਾਕਟਰ ਇੰਦਰਜੀਤ ਕੌਰ ਸੋਹੀ ਨੇ ਖਾਲਸਾ ਸਕੂਲ ਦੇ ਲੋੜਵੰਦ ਵਿਦਿਆਰਥੀਆਂ ਨੂੰ ਲੱਗਭੱਗ 50000 ਰੁਪਏ ਦੀ ਲਾਗਤ ਨਾਲ 200 ਕੋਟੀਆਂ ਭੇਜੀਆਂ ਹਨ।ਇਹ ਸੇਵਾ ਉਨ੍ਹਾਂ ਦੇ ਭਾਣਜੇ ਬਿੱਕਰ ਸਿੰਘ ਸੇਵਾ ਮੁਕਤ ਮੁੱਖ ਅਧਿਆਪਕ ਬਰਨਾਲਾ ਨੇ ਨਿਭਾਈ।ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਗੁਰਦੁਆਰਾ ਸਿੰਘ ਸਭਾ ਤੇ ਸਿੰਘ ਸਭਾ ਲਹਿਰ ਦੇ ਇਤਿਹਾਸ ਬਾਰੇ ਦੱਸਿਆ ਤੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਆ।ਉਨ੍ਹਾਂ ਕਿਹਾ ਕਿ ਕੀਤੀ ਹੋਈ ਸਖ਼ਤ ਮਿਹਨਤ ਕਦੇ ਜਾਇਆ ਨਹੀਂ ਜਾਂਦੀ।ਇਸ ਮੌਕੇ ਪ੍ਰਿੰਸੀਪਲ ਸਰਬਜੀਤ ਕੌਰ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਹੁਣ ਵੀ ਸਰਕਾਰੀ ਸਕੂਲਾਂ ਵਿੱਚ ਪੜ੍ਹ ਕੇ ਵਿਦਿਆਰਥੀ ਉੱਚੇ ਮੁਕਾਮ ਹਾਸਲ ਕਰ ਸਕਦੇ ਹਨ।

ਸਿੱਖ ਪੰਥ ਬਾਦਲ ਪਰਵਾਰ ਨੂੰ ਪੰਥਕ ਸਿਧਾਂਤਾਂ, ਪ੍ਰੰਪਰਾਵਾਂ ਤੇ ਸੰਸਥਾਵਾਂ ਦੇ ਘਾਣ ਲਈ ਕਦੇ ਮੁਆਫ਼ ਨਹੀਂ ਕਰੇਗਾ : ਸਿੱਧੂ, ਅਤਲਾ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਵਤਹਿ) ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਤੇ ਕੌਮੀ ਜਨਰਲ ਸਕੱਤਰ ਸੁਖਚੈਨ ਸਿੰਘ ਅਤਲਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਸਨਮੁਖ ਮੰਗੀ ਗਈ "ਮੁਆਫ਼ੀ" ਨੂੰ ਸਿਆਸੀ ਡਰਾਮੇਬਾਜ਼ੀ ਦੱਸਦਿਆਂ ਕਿਹਾ ਕਿ ਸਿੱਖ ਪੰਥ ਬਾਦਲ ਪਰਿਵਾਰ ਨੂੰ ਪੰਥਕ ਸਿਧਾਂਤਾਂ, ਪ੍ਰੰਪਰਾਵਾਂ ਤੇ ਸੰਸਥਾਵਾਂ ਦੇ ਕੀਤੇ ਘਾਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਦੀ ਪੁਸ਼ਤਪਨਾਹੀ ਕਰਨ ਵਰਗੇ ਗਏ ਬਜਰ ਗੁਨਾਹਾਂ ਲਈ ਕਦੇ ਵੀ ਮੁਆਫ਼ ਨਹੀਂ ਕਰੇਗਾ। ਆਗੂਆਂ ਨੇ ਕਿਹਾ ਕਿ ਬਾਦਲ ਪਰਿਵਾਰ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਲਈ ਹੀ ਜ਼ਿੰਮੇਵਾਰ ਨਹੀਂ ਹੈ, ਬਲਕਿ ਇਨ੍ਹਾਂ ਨੇ 2014 ਵਿੱਚ ਹਰਸਿਮਰਤ ਕੌਰ ਬਾਦਲ ਨੂੰ ਲੋਕ ਸਭਾ ਚੋਣ ਜਿਤਾਉਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਭੇਸ ਧਾਰਨ ਵਾਲੇ ਰਾਮ ਰਹੀਮ ਨਾਲ ਕੀਤੇ ਸਮਝੌਤੇ ਤਹਿਤ ਉਸ ਵਿਰੁੱਧ ਚਲਦਾ ਇਹ ਕੇਸ 2012 ਦੀ ਵਿਧਾਨ ਸਭਾ ਚੋਣ ਤੋਂ ਪੰਜ ਦਿਨ ਪਹਿਲਾਂ ਵਾਪਸ ਲੈ ਕੇ ਬਜਰ ਗੁਨਾਹ ਕੀਤਾ ਸੀ। ਉਨ੍ਹਾਂ ਕਿਹਾ ਕਿ ਫਿਰ ਦੂਜਾ ਗੁਨਾਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਮੇਤ ਪੰਜ ਸਿੰਘ ਸਾਹਿਬਾਨ ਨੂੰ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਤਲਬ ਕਰਕੇ ਉਨ੍ਹਾਂ ਨੂੰ ਰਾਮ ਰਹੀਮ ਨੂੰ ਮੁਆਫ਼ ਕਰਨ ਦੇ ਆਦੇਸ਼ ਦੇ ਕੇ ਕੀਤਾ। ਬਰਗਾੜੀ ਵਿੱਚ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੀ ਹਿਰਦੇਵੇਧਕ ਘਟਨਾ ਨਹੀਂ ਸੀ ਹੋ ਸਕਦੀ, ਜੇ ਬਾਦਲ ਸਰਕਾਰ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚੋਰੀ ਹੋਏ ਸਰੂਪ ਨੂੰ ਲੱਭਣ ਲਈ ਸੁਹਿਰਦ ਹੁੰਦੀ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਦੋਸ਼ੀਆਂ ਦੀ ਪੁਸ਼ਤਪਨਾਹੀ ਤੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਸ ਮੁਕਾਬਲਿਆਂ ਵਿੱਚ ਮਾਰਨ ਦੇ ਗੋਹ ਦੇ ਸਰਗਨੇ ਸੁਮੇਧ ਸੈਣੀ ਨੂੰ ਡੀ.ਜੀ.ਪੀ. ਲਾਉਣਾ ਅਜਿਹੇ ਗੁਨਾਹ ਹਨ, ਜਿਨ੍ਹਾਂ ਲਈ ਬਾਦਲ ਪਰਿਵਾਰ ਨੂੰ ਸਿੱਖ ਕਦੇ ਵੀ ਮੁਆਫ਼ ਨਹੀਂ ਕਰਨਗੇ। ਦੋਵਾਂ ਆਗੂਆਂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਇਹ ਭੁਲੇਖਾ ਹੈ ਕਿ ਝੂਠੀ-ਮੂਠੀ ਮੁਆਫ਼ੀ ਦੇ ਨਾਟਕਾਂ ਨਾਲ ਲੋਕ ਉਨ੍ਹਾਂ ਦੇ ਗੁਨਾਹ ਮੁਆਫ਼ ਕਰ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਅਣਖੀ ਤੇ ਗੈਰਤਮੰਦ ਹਨ, ਜਿਹੜੇ ਪਹਿਲਾਂ ਦੀ ਤਰ੍ਹਾਂ ਅਗਲੀਆਂ ਚੋਣਾਂ ਵਿੱਚ ਵੀ ਉਸ ਨੂੰ ਕਰਾਰਾ ਸਬਕ ਸਿਖਾਉਣਗੇ।

ਵਿਦਿਆਰਥਣਾਂ ਨੂੰ ਦਾਸਤਾਨ ਏ ਸ਼ਹਾਦਤ ਚਮਕੌਰ ਸਾਹਿਬ ਦੀ ਵਿਜ਼ਿਟ ਕਰਵਾਈ

ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਕੀ ਸ਼ਰਮਾ)-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਾਛੀਵਾੜਾ ਸਾਹਿਬ ਵਿਖੇ ਵੋਕੇਸ਼ਨਲ ਸਿੱਖਿਆ ਅਧੀਨ ਚੱਲ ਰਹੇ ਟ੍ਰੇਡ ਨਿੱਜੀ ਸੁਰੱਖਿਆ ਦੀਆਂ 9 ਵੀਂ, 10ਵੀਂ 11ਵੀਂ ਦੀਆਂ ਵਿਦਿਆਰਥਣਾਂ ਨੂੰ ਕਾਰਜਕਾਰੀ ਪ੍ਰਿੰਸੀਪਲ ਹਰਦੀਪ ਕੌਰ ਦੀ ਯੋਗ ਅਗਵਾਈ ਹੇਠ ਦਾਸਤਾਨ ਏ ਸ਼ਹਾਦਤ ਚਮਕੌਰ ਸਾਹਿਬ ਰੋਪੜ ਦੀ ਵਿਜ਼ਿਟ ਕਰਵਾਈ ਗਈ ਜਿਸ ਦਾ ਉਦੇਸ਼ ਵਿਦਿਆਰਥਣਾਂ ਨੂੰ ਅਜੋਕੇ ਸਮੇਂ ਵਿੱਚ ਸੀ ਸੀ ਟੀ ਵੀ ਕੈਮਰਿਆ ਦੇ ਮਹੱਤਵ ਬਾਰੇ ਦੱਸਿਆ ਗਿਆ ਅਤੇ ਨਾਲ ਹੀ ਅਸੀਂ ਨਿ

17-DEC-PAGE-3.qxd 12/16/2023 10:57 PM Page 1

ਵਿਕਾਸ ਕ੍ਰਾਂਤੀ

ਵੱਲ ਵਧਦੇ ਕਦਮ

₹ 1125 ਕਰੋੜ

ਦੀ ਲਾਗਤ ਨਾਲ

ਵਿਕਾਸ ਪ੍ਰਾਜੈਕਟ

ਮੁੱਖ ਮਹਿਮਾਨ

ਸ੍ਰੀ ਅਰਵਿੰਦ ਕੇਜਰੀਵਾਲ
ਮੁੱਖ ਮੰਤਰੀ, ਦਿੱਲੀ

17 ਦਸੰਬਰ, 2023 ਨੂੰ ਸਵੇਰੇ 11:00 ਵਜੇ
ਸਥਾਨ : ਨੇੜੇ ਰਾਮਨਗਰ ਚੌਂਕ , ਤਲਵੰਡੀ ਰੋਡ,
ਸਾਹਮਣੇ ਓਮਕਾਰ ਆਈ.ਟੀ.ਆਈ, ਮੌੜ ਮੰਡੀ (ਬਠਿੰਡਾ)

ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ

17-DEC-PAGE-4.qxd 12/16/2023 10:56 PM Page 1

ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ ਮੁੱਖ ਮੰਤਰੀ ਦੇ ਦਫਤਰਾਂ ਨੂੰ ਤਾਲੇ ਲਾਉਣ ਦੇ ਬਿਆਨ ਦੀ ਨਿੰਦਾ

ਲੁਧਿਆਣਾ (ਐੱਮ ਐੱਸ ਭਾਟੀਆ)

ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਦੀ ਮੀਟਿੰਗ ਪੈਨਸ਼ਨ ਭਵਨ ਲੁਧਿਆਣਾ ਵਿਖੇ ਸਾਥੀ ਡਾਕਟਰ ਮਹਿੰਦਰ ਕੁਮਾਰ ਸਾਰਦਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਆਗੂਆਂ ਨੇ ਪੈਨਸ਼ਨ ਸਬੰਧੀ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਪੈਨਸ਼ਨ ਪ੍ਰਾਪਤੀ ਲਈ ਵੱਡੇ ਸੰਘਰਸ਼ ਕੀਤੇ ਗਏ। ਉਨ੍ਹਾਂ ਕਿਹਾ ਕਿ ਪੈਨਸ਼ਨ ਮੁਲਾਜ਼ਮਾਂ ਵੱਲੋਂ ਕੇਂਦਰ ਤੇ ਸੂਬਿਆਂ ਵਿੱਚ 58-60 ਸਾਲ ਦੀ ਉਮਰ ਤੱਕ ਕੇਂਦਰ ਤੇ ਸੂਬਿਆਂ ਦੇ ਵਿਕਾਸੀ ਉਨਤੀ ਲਈ ਲੰਬੇ ਸਮੇਂ ਤੱਕ ਕੀਤੀਆਂ ਸੇਵਾਵਾਂ ਦੇ ਇਵਜ਼ ਤੇ ਬੁਢਾਪਾ ਸੁਰੱਖਿਅਤ ਕਰਨ ਦਾ ਪੈਨਸ਼ਨ ਹੱਕ ਹੈ ਅਤੇ ਇਹ ਸਭ ਨੂੰ ਮਿਲਣਾ ਚਾਹੀਦਾ ਹੈ। ਡਬਲਯੂ ਡੀ ਓ ਵਿਸ਼ਵ ਬੈਂਕ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਸਰਕਾਰ ਲਾਗੂ ਕਰਕੇ ਪੈਨਸ਼ਨ ਬੰਦ ਕਰਨ ਦੀਆਂ ਨੀਤੀਆਂ 'ਤੇ ਕੰਮ ਕਰ ਰਹੀ ਹੈ। ਪੰਜਾਬ ਤੇ ਕੇਂਦਰੀ ਕਰਮਚਾਰੀਆਂ ਵੱਲੋਂ ਪੈਨਸ਼ਨ ਪ੍ਰਾਪਤੀ ਲਈ ਸੰਘਰਸ਼ ਜ਼ੋਰ ਸ਼ੋਰ ਨਾਲ ਚੱਲ ਰਹੇ ਹਨ। ਪੰਜਾਬ ਸਰਕਾਰ ਵੀ ਸਪੱਸ਼ਟ ਨੋਟੀਫਿਕੇਸ਼ਨ ਕਰਨ ਵਿੱਚ ਟਾਲ ਮਟੋਲ ਕਰ ਰਹੀ ਹੈ। ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਇਸ ਸੰਘਰਸ਼ ਦੀ ਹਮਾਇਤ ਕਰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਾਡੇ ਧਰਨਿਆਂ, ਮੁਜ਼ਾਹਰਿਆਂ ਵਿੱਚ ਬੈਠ ਕੇ ਤੇ ਚੋਣ ਮਨੋਰਥ ਪੱਤਰ ਵਿੱਚ ਵੀ ਗਰੰਟੀਆਂ ਦਿੱਤੀਆਂ ਸਨ ਕਿ ਸੱਤਾ ਵਿੱਚ ਆ ਕੇ ਪਹਿਲ ਦੇ ਆਧਾਰ 'ਤੇ ਮੁਲਾਜ਼ਮਾਂ ਪੈਨਸ਼ਨਰਾਂ ਦੀਆਂ ਮੰਗਾਂ ਤੇ

ਪੇ ਕਮਿਸ਼ਨ ਦੀ ਰਿਪੋਰਟ ਅਤੇ ਏਰੀਅਰ ਦੇਣ ਲਈ ਹਰੇ ਪਿੰਨ ਦੀ ਵਰਤੋਂ ਕਰਕੇ ਸਭ ਕੁਝ ਠੀਕ ਕਰ ਲਿਆ ਜਾਵੇਗਾ। ਸੰਘਰਸ਼ ਦੀ ਜ਼ਰੂਰਤ ਨਹੀਂ ਪਵੇਗੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਵਿੱਤ ਮੰਤਰੀ ਕੇਵਲ ਲਾਲ ਪੈੱਨ ਦੀ ਹੀ ਵਰਤੋਂ ਕਰਦੇ ਹਨ ਤੇ ਮੁੱਖ ਮੰਤਰੀ ਅੱਜ ਵੀ ਚੁਟਕਲੇ ਸੁਣਾ ਕੇ ਡੰਗ ਟਪਾ ਰਹੇ ਹਨ। ਪੈਨਸ਼ਨ ਸਬੰਧੀ ਅਧੂਰਾ ਨੋਟੀਫਿਕੇਸ਼ਨ ਕਰਕੇ ਡੰਗ ਟਪਾ ਰਹੇ ਹਨ। ਪੰਜਾਬ ਵਿੱਚ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ, ਮਨਿਸਟਰੀਅਲ ਸਰਵਿਸ ਯੂਨੀਅਨ, ਪੈਨਸ਼ਨ ਪ੍ਰਾਪਤੀ ਮੋਰਚਾ ਤੇ ਹੋਰ ਸੰਘਰਸ਼ਸ਼ੀਲ ਜਥੇਬੰਦੀ ਨੂੰ ਸੰਘਰਸ਼ ਦੇ ਦਬਾਓ ਥੱਲੇ ਮੀਟਿੰਗ ਦਾ ਸਮਾਂ ਦੇਣ ਲਈ ਪੱਤਰ ਤਾਂ ਜਾਰੀ ਕਰ ਦਿੰਦੇ ਹਨ, ਪ੍ਰੰਤੂ ਮੀਟਿੰਗ ਵਾਲੇ ਦਿਨ ਹਾਜ਼ਰ ਨਹੀਂ ਰਹਿੰਦੇ। ਆਗੂ ਫਿਰ ਨਿਰਾਸ਼ਾ ਵਿੱਚ ਅਗਲੇ ਸੰਘਰਸ਼ ਵਿਉਂਤ ਲੈਂਦੇ ਹਨ, ਸਰਕਾਰ ਦਾ ਇਹ ਕੰਮ ਲਗਾਤਾਰ ਜਾਰੀ ਹੈ। ਬਦਲਾਓ ਤੇ ਵਿਕਾਸ ਦੇ ਪ੍ਰਚਾਰ ਨਾਲ ਵੋਟਾਂ ਹਥਿਆ ਕੇ ਬਣੀ ਆਮ ਆਦਮੀ ਦੀ ਸਰਕਾਰ, ਕਾਰਪੋਰੇਟਾਂ ਦੀ ਸੇਵਾ ਕਰ ਰਹੇ ਹਨ। ਪੰਜਾਬ ਦੇ ਪੈਨਸ਼ਨਰਾਂ ਦਾ ਸੋਧ ਫਾਰਮੂਲਾ 2.59 ਤੋਂ ਸਰਕਾਰ ਖਿਸਕ ਗਈ ਤੇ ਪੇ ਕਮਿਸ਼ਨ ਦਾ ਏਰੀਅਰ ਦੇਣ ਤੋਂ ਭੱਜ ਰਹੀ ਹੈ ਅਤੇ ਡੀ ਏ ਦੇਣਾ ਭੁੱਲ ਚੁੱਕੀ ਹੈ ਅਤੇ ਗੁਆਂਢੀ ਸੂਬਿਆਂ ਤੋਂ 12% ਡੀ ਏ ਘੱਟ ਲੈ ਰਹੇ ਹਨ। ਇਹ ਸਰਕਾਰ ਬਦਲਾਓ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਬੇਚੈਨੀ ਤੇ ਹੈਰਾਨੀ ਪ੍ਰੇਸ਼ਾਨੀ ਵਿੱਚ ਧੱਕ ਰਿਹਾ ਹੈ। ਬੇਰੁਜ਼ਗਾਰੀ ਦਾ ਹੱਲ ਸਰਕਾਰ ਨਹੀਂ ਕਰਦੀ। ਹੁਣੇ ਹੁਣੇ ਸਰਕਾਰ ਦਾ ਬਿਆਨ ਕਿ ਪੰਜਾਬ ਦੇ ਦਫਤਰਾਂ ਨੂੰ ਤਾਲੇ ਲਾ ਦਿੱਤੇ ਜਾਣਗੇ, ਜਿਸ ਦਾ ਮਤਲਬ ਦਫਤਰ ਬੰਦ ਕਰ ਦਿੱਤੇ ਜਾਣਗੇ, ਕੰਮ ਕਰਨ ਦੀ ਕਰਮਚਾਰੀਆਂ ਨੂੰ ਜ਼ਰੂਰਤ ਨਹੀਂ ਹੋਵੇਗੀ। ਬੇਰੁਜ਼ਗਾਰੀ ਹੋਰ ਵੱਧ ਜਾਵੇਗੀ। ਇਹ ਕੰਮ ਕਾਰਪੋਰੇਟਾਂ ਦੇ ਇਸ਼ਾਰੇ 'ਤੇ ਕੀਤਾ ਜਾ ਰਿਹਾ ਹੈ। ਸਭ ਸਮਝ ਰਹੇ ਹਨ ਕਿ ਦਿੱਲੀ ਵਿੱਚ ਦਿੱਤੀਆਂ ਗਰੰਟੀਆਂ ਤੇ ਪੰਜਾਬ ਵਿੱਚ ਕੀਤੇ ਵਾਅਦੇ ਕੇਵਲ ਭਰਮ ਜਾਲ ਵਿਛਾ ਕੇ ਸੱਤਾ 'ਤੇ ਕਾਬਜ਼ ਹੋਣ ਦਾ ਹਥਿਆਰ ਹੈ। ਪੰਜਾਬ ਮੁਲਾਜ਼ਮ ਸਾਂਝਾ ਫਰੰਟ, ਪੈਨਸ਼ਨ ਪ੍ਰਾਪਤੀ ਮੋਰਚਾ ਮਨਿਸਟਰੀਅਲ ਸਰਵਿਸ ਯੂਨੀਅਨ ਤੇ ਹੋਰ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਆਗੂਆਂ ਵਿੱਚ ਦਿੱਤੇ ਬਿਆਨ ਤੋਂ ਸਾਫ ਹੋ ਜਾਂਦਾ ਹੈ ਕਿ ਆਮ ਆਦਮੀ ਪਾਰਟੀ ਬਦਲਾਓ ਕਰਨਾ ਹੀ ਪਵੇਗਾ, ਕਿਉਂਕਿ ਇਹ ਤਾਂ ਸਮਾਂ ਦੇ ਕੇ ਗੱਲ ਵੀ ਨਹੀਂ ਕਰਦੇ। ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਆਪਣਾ ਸੰਘਰਸ਼ ਜਾਰੀ ਰੱਖੇਗਾ। ਮੀਟਿੰਗ ਨੂੰ ਕਨਵੀਨਰ ਗੁਰਮੇਲ ਸਿੰਘ ਮੈਲਡੇ, ਚੇਅਰਮੈਨ ਦਲੀਪ ਸਿੰਘ, ਕਨਵੀਨਰ ਸੁਸ਼ੀਲ ਕੁਮਾਰ, ਚਰਨ ਸਿੰਘ ਸਰਾਭਾ, ਜਗਮੇਲ ਸਿੰਘ ਪੱਖੋਵਾਲ, ਸੁਰਿੰਦਰ ਸਿੰਘ ਬੈਂਸ, ਅਸ਼ੋਕ ਕੁਮਾਰ ਮੱਟੂ, 1680/22 ਚੰਡੀਗੜ੍ਹ, ਹਰਜਿੰਦਰ ਸਿੰਘ ਸ਼ੀਲੋ, ਦਰਸ਼ਨ ਸਿੰਘ ਬਰੀਕੇ, ਪੰਜਾਬ ਪੈਨਸ਼ਨ ਯੂਨੀਅਨ ਦੀਪਇੰਦਰ ਸਿੰਘ, ਨਿਰਭੈ ਸਿੰਘ, ਪੀ ਐੱਸ ਐੱਸ ਐੱਫ 1406 ਚੰਡੀਗੜ੍ਹ, ਕੇਵਲ ਸਿੰਘ ਬਨਵੈਤ, ਸੋਬਨ ਸਿੰਘ ਠਾਕਰ, ਪੈਨਸ਼ਨ ਯੂਨੀਅਨ ਪੀ ਸੀ ਟੀ ਐੱਲ ਰਜਿੰਦਰ ਸਿੰਘ ਲਲਤੋਂ, ਹਰਜੀਤ ਸਿੰਘ ਗਰੇਵਾਲ ਆਦਿ ਨੇ ਸੰਬੋਧਨ ਕੀਤਾ।

ਬੀ ਕੇ ਯੂ ਉਗਰਾਹਾਂ ਵੱਲੋਂ ਜਬਰੀ ਗੈਸ ਪਾਈਪ ਲਾਈਨ ਪਾਉਣ ਆਏ ਅਧਿਕਾਰੀਆਂ ਦਾ ਘਿਰਾਓ

ਤਲਵੰਡੀ ਸਾਬੋ (ਜਗਦੀਪ ਗਿੱਲ)

15 ਮਈ ਨੂੰ ਜੀ ਆਈ ਜੀ ਐੱਲ ਗੈਸ ਪਾਈਪ ਲਾਈਨ ਕੰਪਨੀ ਵੱਲੋਂ ਕਿਸਾਨਾਂ ਨਾਲ ਕੀਤਾ ਸਮਝੌਤਾ ਲਾਗੂ ਨਾ ਕਰਨ ਦੇ ਰੋਸ ਵਜੋਂ ਪਿੰਡ ਲੇਲੇ ਵਾਲਾ ਦੇ ਖੇਤਾਂ ਵਿੱਚ ਕੰਪਨੀ ਦੇ ਅਧਿਕਾਰੀਆਂ ਦਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਵਿੱਚ ਘਿਰਾਓ ਕੀਤਾ ਗਿਆ। ਘਿਰਾਓ ਵਿੱਚ ਜੁੜੇ ਲੋਕਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ ਤੇ ਜ਼ਿਲਾ ਕਮੇਟੀ ਮੈਂਬਰ ਜਗਦੇਵ ਸਿੰਘ ਜੋਗੇਵਾਲਾ ਨੇ ਕਿਹਾ ਕਿ ਪਹਿਲਾਂ ਕੰਪਨੀ ਨੇ ਕਿਸਾਨਾਂ ਨੂੰ ਬਿਨਾਂ ਕੁਝ ਦਿੱਤੇ ਧੱਕੇ ਨਾਲ ਕਿਸਾਨਾਂ ਦੇ ਖੇਤਾਂ ਵਿੱਚ ਪਾਈਪ ਲਾਈਨ ਪਾਉਣੀ ਸ਼ੁਰੂ ਕਰ ਦਿੱਤੀ, ਜਿਸ ਤੋਂ ਬਾਅਦ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਵਿੱਚ ਇਸ ਦਾ ਵਿਰੋਧ ਸ਼ੁਰੂ ਹੋ ਗਿਆ। ਬੀਤੇ 5 ਮਈ ਨੂੰ ਪਿੰਡ ਬਹਿਮਣ ਕੌਰ ਸਿੰਘ ਵਾਲਾ ਵਿਖੇ ਅਧਿਕਾਰੀਆਂ ਵੱਲੋਂ ਧੱਕੇ ਨਾਲ ਪਾਈਪ ਪਾਉਣ 'ਤੇ ਕਿਸਾਨ ਯੂਨੀਅਨ ਦੀ ਅਗਵਾਈ ਵਿੱਚ ਕੀਤੇ ਵਿਰੋਧ ਕਾਰਨ ਟਕਰਾਅ ਵਾਲਾ ਮਾਹੌਲ ਬਣ ਗਿਆ, ਜਿਸ ਤੋਂ ਬਾਅਦ ਡਿਪਟੀ ਕਮਿਸ਼ਨਰ ਬਠਿੰਡਾ ਨੇ ਹੋਰ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਕਿਸਾਨਾਂ ਨਾਲ ਮੀਟਿੰਗ ਕਰਕੇ ਲਿਖਤੀ ਸਹਿਮਤੀ ਕੀਤੀ ਕਿ ਪਾਈਪ ਲਾਈਨ ਅਧੀਨ ਖੇਤਰ ਵਿੱਚ ਆਉਂਦੇ ਸਾਰੇ ਕਿਸਾਨਾਂ ਭਾਵੇਂ ਜਿਨ੍ਹਾਂ ਦੇ ਖੇਤਾਂ ਵਿੱਚ ਪਾਈਪ ਲਾਈਨ ਪਾਈ ਵੀ

ਚੁੱਕੀ ਹੈ, ਉਨ੍ਹਾਂ ਨੂੰ 24 ਲੱਖ ਰੁਪਏ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇਗਾ, ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਦਾ ਜਿੰਨਾ ਵੀ ਨੁਕਸਾਨ ਹੋਇਆ, ਉਨੇ ਸਾਲਾਂ ਦਾ ਉਨ੍ਹਾਂ ਨੂੰ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ, ਦਰੱਖਤਾਂ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ, ਪਾਈਪ ਪਾਉਣ ਤੋਂ ਬਾਅਦ ਕਿਸਾਨਾਂ ਨੂੰ ਜ਼ਮੀਨ ਪੱਧਰੀ ਕਰਕੇ ਦਿੱਤੀ ਜਾਵੇਗੀ, ਪਰ ਕੰਪਨੀ ਵੱਲੋਂ ਕਿਸਾਨਾਂ ਨਾਲ ਕੀਤਾ ਸਮਝੌਤਾ ਲਾਗੂ ਨਾ ਕਰਕੇ ਜਿਨ੍ਹਾਂ ਕਿਸਾਨਾਂ ਦੇ ਖੇਤਾਂ ਵਿੱਚ ਪਾਈਪ ਪਾਉਣ ਵਾਲੀ ਰਹਿੰਦੀ ਹੈ, ਉਨ੍ਹਾਂ ਨੂੰ ਡਰਾ ਧਮਕਾ ਕੇ ਧੱਕੇ ਨਾਲ ਪਾਈਪ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅੱਜ ਜਦੋਂ ਸਮਝੌਤੇ ਨੂੰ ਲਾਗੂ ਨਾ ਕਰਕੇ ਕਿਸਾਨਾਂ ਨਾਲ ਖੇਤਾਂ ਵਿੱਚ ਪਾਈਪ ਪਾਉਣ ਸਬੰਧੀ ਅਧਿਕਾਰੀ ਆਏ ਤਾਂ ਕਿਸਾਨਾਂ ਨੇ ਉਨ੍ਹਾਂ ਦਾ ਘਿਰਾਓ ਕਰਕੇ ਐਲਾਨ ਕਰ ਦਿੱਤਾ ਕਿ ਜਦੋਂ ਤੱਕ ਪੂਰਨ ਤੌਰ 'ਤੇ ਸਮਝੌਤਾ ਲਾਗੂ ਨਹੀਂ ਹੁੰਦਾ, ਉਦੋਂ ਤੱਕ ਅਧਿਕਾਰੀਆਂ ਦਾ ਘਿਰਾਓ ਜਾਰੀ ਰਹੇਗਾ। ਕਿਸਾਨਾਂ ਨੇ ਰਾਤ ਦੇ ਰਹਿਣ ਦਾ ਤੇ ਲੰਗਰ ਪਾਣੀ ਦਾ ਪ੍ਰਬੰਧ ਕਰ ਲਿਆ ਹੈ। ਅੱਜ ਦੇ ਧਰਨੇ ਵਿੱਚ ਜਸਵੀਰ ਸਿੰਘ ਬੁਰਜ ਸੇਮਾ, ਹਰਪ੍ਰੀਤ ਸਿੰਘ ਚੱਠੇਵਾਲਾ, ਬਿੰਦਰ ਸਿੰਘ ਜੋਗੇਵਾਲਾ, ਰਣਜੋਧ ਸਿੰਘ ਮਾਹੀ ਨੰਗਲ, ਕੁਲਵਿੰਦਰ ਸਿੰਘ ਗਿਆਨਾ, ਅੰਮ੍ਰਿਤ ਸਿੰਘ ਮੌੜ ਚੜ੍ਹਤ ਸਿੰਘ, ਗੁਰਜੀਤ ਸਿੰਘ ਬੰਗੇਹਰ, ਸਿਕੰਦਰ ਸਿੰਘ ਘੁੰਮਣ ਕਲਾਂ, ਭਿੰਦਰ ਸਿੰਘ ਭਾਈ ਬਖਤੌਰ, ਜਸਵੀਰ ਸਿੰਘ ਲੇਲੇਵਾਲਾ, ਸੁਰਜੀਤ ਸਿੰਘ ਲੇਲੇਵਾਲਾ, ਕਾਕੂ ਬਹਿਮਣ ਕੌਰ ਸਿੰਘ ਤੇ ਕਲੱਤਰ ਸਿੰਘ ਕਲਾਲਵਾਲਾ ਕਿਸਾਨ ਆਗੂ ਸ਼ਾਮਲ ਸਨ।

ਕਾਤਰਾਂ

ਆਪ ਸਰਕਾਰ ਹੁਣ ਆਵੇਗੀ ਲੋਕਾਂ ਦੇ ਦੁਆਰ : ਮਹਿੰਦਰ ਸਿੱਧੂ

ਚੀਮਾ ਮੰਡੀ (ਰਵਿੰਦਰ ਚੀਮਾ)-ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੇ ਦੁਆਰ ਪੁੱਜੇਗੀ, ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇੱਕ ਨਵੀਂ ਕ੍ਰਾਂਤੀ ਦੀ ਸ਼ੁਰੂਆਤ ਕਰਦੇ ਹੋਏ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਖੱਜਲ ਖੁਆਰੀ ਤੋਂ ਬਚਾਉਣ ਲਈ ਤੇ ਹਰ ਵਰਗ ਨੂੰ ਬਣਦੀ ਸਹੂਲਤਾਂ ਦੇਣ ਦੇ ਮਕਸਦ ਨਾਲ ਪੰਜਾਬ ਵਾਸੀਆਂ ਨੂੰ ਵੱਡਾ ਤੋਹਫਾ ਦਿੱਤਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਹਿੰਦਰ ਸਿੰਘ ਸਿੱਧੂ ਚੇਅਰਮੈਨ ਪਨਸੀਡ ਕਾਰਪੋਰੇਸ਼ਨ ਪੰਜਾਬ ਨੇ ਚੀਮਾ ਮੰਡੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਤੁਹਾਡੇ ਦੁਆਰ ਤਹਿਤ ਲੋਕਾਂ ਨੂੰ 43 ਸਹੂਲਤਾਂ ਘਰ ਬੈਠੇ ਦੇਣ ਦਾ ਵਾਅਦਾ ਕੀਤਾ ਹੈ। ਉਨ੍ਹਾ ਕਿਹਾ ਕਿ ਹੁਣ ਪੰਜਾਬ ਦੇ ਲੋਕ ਘਰ ਬੈਠੇ 1076 'ਤੇ ਫੋਨ ਕਰਕੇ ਇਹ ਸੇਵਾਵਾਂ ਦਾ ਲਾਭ ਲੈ ਸਕਣਗੇ। ਉਨ੍ਹਾ ਕਿਹਾ ਕਿ ਇਸ ਸਕੀਮ ਦੇ ਤਹਿਤ ਹੁਣ ਅਫਸਰ ਤੁਹਾਡੇ ਘਰ ਆ ਕੇ ਕੰਮ ਕਰਨਗੇ ਤੇ 43 ਤਰ੍ਹਾਂ ਦੀਆਂ ਸਹੂਲਤਾਂ ਤੁਹਾਨੂੰ ਘਰ ਬੈਠੇ ਮਿਲਣਗੀਆਂ। ਉਨ੍ਹਾਂ ਦੱਸਿਆ ਕਿ ਆਮ ਆਦਮੀ ਸਰਕਾਰ ਵੱਲੋਂ ਇੱਕ ਇੱਕ ਕਰਕੇ ਸਾਰੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਅਤੇ ਹੁਣ ਬਜ਼ੁਰਗਾਂ ਲਈ ਤੀਰਥ ਯਾਤਰਾ ਯੋਜਨਾ ਸ਼ੁਰੂ ਕਰਕੇ ਮਾਣ ਸਰਕਾਰ ਨੇ ਲੋਕਾਂ ਦਾ ਮਨ ਜਿੱਤ ਲਿਆ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ 13 ਦੀਆਂ 13 ਸੀਟਾਂ 'ਤੇ ਵੱਡੀ ਜਿੱਤ ਹਾਸਲ ਕਰੇਗੀ।

ਆੜ੍ਹਤੀਆ ਯੂਨੀਅਨ ਦੇ ਸੂਬਾ ਪ੍ਰਧਾਨ ਨੂੰ ਸਦਮਾ, ਮਾਤਾ ਦਾ ਦੇਹਾਂਤ

ਭਗਤਾ ਭਾਈ ਕਾ (ਰਾਜੀਵ ਗੋਇਲ)-ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਵਿਜੈ ਕਾਲੜਾ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਮਾਤਾ ਆਗਿਆਵੰਤੀ ਪਤਨੀ ਲੇਟ ਜਗਜੀਤ ਕਾਲੜਾ ਦੀ ਅਚਾਨਕ ਮੌਤ ਹੋ ਗਈ। ਇਸ ਦੁੱਖ ਦੀ ਘੜੀ ਵਿੱਚ ਜਿੱਥੇ ਸਥਾਨਕ ਯੂਨੀਅਨ ਵੱਲੋਂ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ ਹੈ, ਉੱਥੇ ਹੀ ਯੂਨੀਅਨ ਪ੍ਰਧਾਨ ਵਿਜੈ ਕੁਮਾਰ ਪੱਪੂ ਵੱਲੋਂ ਮਾਤਾ ਆਗਿਆਵੰਤੀ ਜੀ ਦੇ ਅਕਾਲ ਚਲਾਣੇ ਨੂੰ ਪਰਿਵਾਰ ਲਈ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮਾਂ ਦੀ ਘਾਟ ਸਾਰੀ ਉਮਰ ਰੜਕਦੀ ਹੈ ਤੇ ਅਸੀਂ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਾਂ। ਇਸ ਮੌਕੇ ਸਮੂਹ ਯੂਨੀਅਨ ਆਗੂ ਤੇ ਪਤਵੰਤੇ ਹਾਜ਼ਰ ਸਨ।

ਸਕੱਤਰ ਨੇ ਜ਼ਿਲ੍ਹਾ ਜੇਲ੍ਹ ਫਰੀਦਕੋਟ ਦਾ ਦੌਰਾ ਕਰ ਕੈਦੀਆਂ/ਹਵਾਲਾਤੀਆਂ ਦੀਆਂ ਸੁਣੀਆਂ ਮੁਸ਼ਕਲਾਂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਅੱਜ ਸਕੱਤਰ, ਮਿਸ ਹਰਪ੍ਰੀਤ ਕੌਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹਾ ਜੇਲ੍ਹ ਫਰੀਦਕੋਟ ਦਾ ਦੌਰਾ ਕੀਤਾ ਗਿਆ। ਉਨ੍ਹਾ ਜੇਲ੍ਹ ਵਿਚ ਬੰਦ ਹਵਾਲਾਤੀ/ਕੈਦੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਜਲਦ ਹੀ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕੀਤਾ ਜਾਵੇਗਾ ਅਤੇ ਉਨ੍ਹਾ ਜੇਲ੍ਹ ਵਿਚ ਚੱਲ ਰਹੇ ਲੀਗਲ ਏਡ ਕਲੀਨਿਕ ਵਿਚ ਮੌਜੂਦ ਵਕੀਲ ਸਾਹਿਬਾਨ ਅਤੇ ਪੈਰਾ ਲੀਗਲ ਵਲੰਟੀਅਰਜ਼ ਵੱਲੋਂ ਕੈਦੀਆਂ/ਹਵਾਲਾਤੀਆਂ ਨੂੰ ਮਿਲ ਰਹੀ ਕਾਨੂੰਨੀ ਸਹਾਇਤਾ 'ਤੇ ਤਸੱਲੀ ਪ੍ਰਗਟ ਕੀਤੀ। ਮਿਸ ਹਰਪ੍ਰੀਤ ਕੌਰ ਸੀ.ਜੇ.ਐੱਮ/ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੈਦੀਆਂ/ਹਵਾਲਾਤੀਆਂ ਨੂੰ ਪਲੀਬਾਰਗਨਿੰਗ ਸਬੰਧੀ ਵੀ ਜਾਣਕਾਰੀ ਦਿੱਤੀ ਗਈ ਤੇ ਇਸ ਤੋਂ ਇਲਾਵਾ ਕਾਨੂੰਨੀ ਸਹਾਇਤਾ ਸਬੰਧੀ ਵੀ ਜਾਣਕਾਰੀ ਦਿੱਤੀ ਗਈ ਅਤੇ ਜੇਲ੍ਹ ਵਿੱਚ ਕੈਂਪ ਕੋਰਟ ਵੀ ਲਗਾਈ ਗਈ।

43 ਸੇਵਾਵਾਂ ਆਨਲਾਈਨ ਸ਼ੁਰੂ ਕਰਨਾ ਸ਼ਲਾਘਾਯੋਗ ਕੰਮ : ਸਿੰਧੀ

ਮਮਦੋਟ (ਹਰਪਾਲ ਸਿੰਘ ਸੋਢੀ)-ਪੰਜਾਬ ਸਰਕਾਰ ਨੇ ਸੂਬੇ ਦੇ ਲੋਕਾਂ ਨੂੰ ਘਰ ਬੈਠੇ 10 ਦਸੰਬਰ ਨੂੰ 43 ਆਨਲਾਈਨ ਸ

17-DEC-PAGE-5.qxd 12/16/2023 10:55 PM Page 1

ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦੀ ਸੂਬਾਈ ਮੀਟਿੰਗ

ਮੋਗਾ (ਅਮਰਜੀਤ ਬੱਬਰੀ)-ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦੀ ਸੂਬਾਈ ਮੀਟਿੰਗ ਕਾਮਰੇਡ ਗੁਰਜੀਤ ਸਿੰਘ ਪ੍ਰਧਾਨਗੀ ਹੇਠ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿੱਚ ਹੋਈ।ਮੀਟਿੰਗ ਬਾਰੇ ਜਥੇਬੰਦੀ ਦੇ ਜਨਰਲ ਸਕੱਤਰ ਜਗਦੀਸ਼ ਸਿੰਘ ਚਾਹਲ, ਅਵਤਾਰ ਸਿੰਘ ਤੇ ਗੁਰਜੰਟ ਸਿੰਘ ਕੋਕਰੀ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਜਦੋਂ ਦੀ ਭਗਵੰਤ ਸਿੰਘ ਮਾਨ ਦੀ ਸਰਕਾਰ ਹੋਂਦ ਵਿੱਚ ਆਈ ਹੈ, ਉਦੋਂ ਤੋਂ ਲੈ ਕੇ ਅਫ਼ਸਰਾਂ ਦੀਆਂ ਬਦਲੀਆਂ ਦਾ ਸਿਲਸਲਾ ਲਗਾਤਾਰ ਜਾਰੀ ਹੈ।ਇਸੇ ਤਹਿਤ ਟ੍ਰਾਂਸਪੋਰਟ ਵਿਭਾਗ ਦੇ ਅਫ਼ਸਰਾਂ ਦੀਆਂ ਵੀ ਬਦਲੀਆਂ ਹੋਈਆਂ, ਉਦੋਂ ਤੋਂ ਲਗਭਗ ਡੇਢ ਸਾਲ ਦਾ ਸਮਾਂ ਹੋ ਗਿਆ ਪੰਜਾਬ ਰੋਡਵੇਜ਼ ਵਿੱਚ ਕੰਮ ਕਰਦੇ ਵੱਖ-ਵੱਖ ਕੈਟਾਗਰੀਆਂ ਦੀਆਂ ਬਣਦੀਆਂ ਪ੍ਰਮੋਸ਼ਨਾਂ ਲਗਭਗ ਬੰਦ ਹਨ। ਕੁੱਝ ਕੈਟਾਗਰੀਆਂ ਦੀਆ ਬਹੁਤ ਹੀ ਘੱਟ ਪ੍ਰਮੋਸ਼ਨਾਂ ਹੋਈਆਂ ਹਨ।ਹਰ ਵਾਰ ਵੱਖਰੇ ਤੋਂ ਬਿਨਾਂ ਮਤਲਬ ਅਬਜੈਕਸ਼ਨ ਲਗਾ ਕੇ ਸਮਾਂ ਟਪਾਇਆ ਜਾ ਰਿਹਾ ਹੈ।ਮੁਲਾਜ਼ਮ ਪ੍ਰਮੋਸ਼ਨਾਂ ਨੂੰ ਉਡੀਕਦੇ ਰਿਟਾਇਰ ਹੋ ਰਹੇ ਹਨ।ਕਾਂਗਰਸ ਸਰਕਾਰ ਵੇਲੇ 2021 ਵਿੱਚ 587 ਕਰਜ਼ਾ ਮੁਕਤ ਬੱਸਾਂ ਰੋਡਵੇਜ਼ ਵਿੱਚ ਸ਼ਾਮਲ ਕਰਨ ਦਾ ਫੈਸਲਾ ਲਿਆ ਗਿਆ ਸੀ, ਪਰ ਹੁਣ ਜਾ ਕੇ ਸਿਰਫ਼ 387 ਬੱਸਾਂ ਹੀ ਰੋਡਵੇਜ਼ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ।ਮ੍ਰਿਤਕ ਮੁਲਾਜ਼ਮਾਂ ਦੇ ਵਾਰਸਾਂ ਨੂੰ ਨੌਕਰੀਆਂ ਦੇਣ ਬਾਰੇ ਵੀ ਡਰਾਈਵਰ, ਕੰਡਕਟਰਾਂ ਨੂੰ ਕੋਈ ਵੀ ਨੌਕਰੀ ਨਹੀਂ ਦਿੱਤੀ ਗਈ।ਸਿਰਫ ਕਲਰਕ ਤੇ ਦਰਜਾ ਚਾਰ ਵਿੱਚ ਹੀ ਕੁੱਝ ਕੁ ਨੌਕਰੀਆਂ ਦਿੱਤੀਆਂ ਗਈਆਂ ਹਨ।ਕਈ ਵਾਰ ਲਿਖਤੀ ਬੇਨਤੀਆਂ ਕਰਨ ਦੇ ਬਾਵਜੂਦ ਦਿੱਲੀ ਬੱਸ ਸਟੈਂਡ ਉੱਪਰ ਕੰਮ ਕਰਦੇ ਮੁਲਾਜ਼ਮਾਂ ਲਈ ਰਿਹਾਇਸ਼ ਦਾ ਮਹਿਕਮੇ ਵੱਲੋਂ ਕੋਈ ਵੀ ਪ੍ਰਬੰਧ ਨਹੀਂ ਕੀਤਾ ਗਿਆ। ਗਰਮੀ ਤੇ ਠੰਢ ਦੇ ਪ੍ਰਕੋਪ ਦੇ ਬਾਵਜੂਦ ਮੁਲਾਜ਼ਮ ਬੈਂਚਾਂ ਉੱਪਰ ਰਾਤ ਗੁਜ਼ਾਰਨ ਲਈ ਮਜਬੂਰ ਹਨ। ਵਰਕਸ਼ਾਪਾਂ ਦੀ ਰੀਪੇਅਰ ਲਈ ਮਹਿਕਮੇ ਦਾ ਕੋਈ ਪ੍ਰਬੰਧ ਨਹੀਂ।ਵਰਕਸ਼ਾਪਾਂ ਸ਼ੈੱਡਾਂ ਦਾ ਬੁਰਾ ਹਾਲ ਹੈ। ਪਿਛਲੇ ਸਮੇਂ ਵਿੱਚ ਵਰਕਸ਼ਾਪਾਂ ਅੰਦਰ ਲਗਭਗ 450 ਬੱਸਾਂ ਛੋਟੇ-ਛੋਟੇ ਸਪੇਅਰ ਪਾਰਟਸ, ਪਾਸਿੰਗ, ਟਾਇਰਾਂ ਆਦਿ ਦੀ ਘਾਟ ਕਾਰਨ ਖੜੀਆਂ ਰਹੀਆਂ, ਜਿਸਦਾ ਮਾਣਯੋਗ ਹਾਈਕੋਰਟ ਵੱਲੋਂ ਨੋਟਿਸ ਵੀ ਲਿਆ ਗਿਆ, ਪਰ ਨਾ ਹੀ ਮਹਿਕਮੇ ਦੇ ਉੱਚ ਅਧਿਕਾਰੀਆਂ ਤੇ ਨਾ ਹੀ ਸਾਡੀ ਕੱਟੜ ਇਮਾਨਦਾਰ ਸਰਕਾਰ ਵੱਲੋਂ ਕੋਈ ਗੰਭੀਰ ਨੋਟਿਸ ਲਿਆ ਗਿਆ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਵੱਡਾ ਨੁਕਸਾਨ ਹੋਇਆ ਤੇ ਪ੍ਰਾਈਵੇਟ ਟ੍ਰਾਂਸਪੋਰਟ ਦੀ ਚਾਂਦੀ ਰਹੀ ਹੈ।

ਬੁਲਾਰਿਆਂ ਨੇ ਇਸ ਗੱਲ ਬਾਰੇ ਵੀ ਦੱਸਿਆ ਕਿ ਪਿਛਲੇ ਸਮੇਂ ਤੋਂ ਮਾਨਯੋਗ ਮੁੱਖ ਮੰਤਰੀ ਦੀਆਂ ਰੈਲੀਆਂ ਉੱਪਰ ਲਗਭਗ ਹਰ ਹਫ਼ਤੇ ਹੀ 900 ਤੋਂ ਲੈ ਕੇ 1800 ਬੱਸਾਂ ਤੱਕ ਪੰਜਾਬ ਰੋਡਵੇਜ਼ ਤੇ ਪੀ ਆਰ ਟੀ ਸੀ ਦੀਆਂ ਬੱਸਾਂ ਦੀ ਡਿਊਟੀ ਰਹਿੰਦੀ ਹੈ।ਬੱਸ ਅੱਡਿਆਂ ਤੋਂ ਰੋਡਵੇਜ਼ ਤੇ ਪੀ ਆਰ ਟੀ ਸੀ ਦੀਆਂ ਬੱਸਾਂ ਗਾਇਬ ਰਹਿੰਦੀਆਂ ਹਨ।ਪ੍ਰਾਈਵੇਟ ਟ੍ਰਾਂਸਪੋਰਟਰਾਂ ਦੀ ਪੂਰੀ ਸੇਵਾ ਕੀਤੀ ਜਾ ਰਹੀ ਹੈ।ਗੁਰਧਾਮਾਂ ਦੇ ਦਰਸ਼ਨਾਂ ਲਈ ਏ ਸੀ ਬੱਸਾਂ ਦੇ ਜਾਣ ਨਾਲ ਮਹੱਤਵਪੂਰਨ ਰੂਟ ਮਿਸ ਹੁੰਦੇ ਹਨ।ਲੋਕਾਂ ਨੂੰ ਸਹੂਲਤ ਦੇਣ ਦਾ ਸਰਕਾਰ ਨੂੰ ਹੱਕ ਹੈ, ਪਰ ਉਸ ਲਈ ਕੋਈ ਬਦਲਵਾਂ ਪ੍ਰਬੰਧ ਕਰਨ ਦੀ ਸਰਕਾਰ ਦੀ ਡਿਊਟੀ ਵੀ ਹੈ, ਪਰ ਅਜੇ ਤੱਕ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਇੱਕ ਵੀ ਨਵੀਂ ਬੱਸ ਨਹੀਂ ਪਾਈ ਗਈ।ਜਥੇਬੰਦੀ ਸਰਕਾਰ ਤੋਂ ਮੰਗ ਕਰਦੀ ਹੈ ਕਿ ਉਪਰੋਕਤ ਕਾਰਨਾਂ ਦੀ ਜਾਂਚ ਕਰਵਾ ਕੇ ਜ਼ਿੰਮੇਵਾਰ ਅਫ਼ਸਰਾਂ ਉੱਪਰ ਬਣਦੀ ਕਾਰਵਾਈ ਕੀਤੀ ਜਾਵੇ ਤੇ ਸਰਕਾਰ ਆਪਣੇ ਬਜਟ ਵਿੱਚੋਂ ਫੰਡ ਰੱਖ ਕੇ ਨਵੀਆਂ ਬੱਸਾਂ ਪਾ ਕੇ ਲੋਕਾਂ ਨੂੰ ਸਹੂਲਤ ਦੇਵੇ।ਇਸ ਮੀਟਿੰਗ ਵਿੱਚ 18 ਡਿੱਪੂਆਂ ਦੇ ਪ੍ਰਧਾਨ, ਜਨਰਲ ਸਕੱਤਰ, ਸੀਨੀਅਰ ਮੀਤ ਪ੍ਰਧਾਨ ਤੇ ਕੈਸ਼ੀਅਰ ਤੋਂ ਇਲਾਵਾ ਮੁੱਖ ਤੌਰ 'ਤੇ ਕਾਮਰੇਡ ਬਚਿੱਤਰ ਸਿੰਘ ਧੋਥੜ, ਬਲਵਿੰਦਰ ਸਿੰਘ ਰੋਪੜ, ਕਿਰਨਦੀਪ ਢਿੱਲੋਂ, ਦੀਦਾਰ ਸਿੰਘ ਪੱਟੀ, ਬਲਰਾਜ ਸਿੰਘ ਭੰਗੂ, ਅੰਗਰੇਜ ਸਿੰਘ ਮੁਕਤਸਰ, ਸੁਰਿੰਦਰ ਸਿੰਘ ਬਰਾੜ, ਗੁਰਜੀਤ ਸਿੰਘ ਜਲੰਧਰ, ਦਵਿੰਦਰ ਕੁਮਾਰ ਨਵਾਂਸ਼ਹਿਰ, ਰਣਧੀਰ ਸਿੰਘ ਲੁਧਿਆਣਾ, ਮਨਦੀਪ ਸਿੰਘ ਮੱਖੂ ਤੇ ਜਗਪਾਲ ਸਿੰਘ ਮੋਗਾ ਆਦਿ ਹਾਜ਼ਰ ਸਨ।

ਨਗਰ ਕੌਂਸਲ ਪ੍ਰਧਾਨ ਜਤਿੰਦਰ ਪਾਲ ਸਿੰਘ ਰਾਣਾ ਬਰਖਾਸਤ

ਸੀਨੀਅਰ ਮੀਤ ਪ੍ਰਧਾਨ ਮਾਲਵਾ ਹੋਣਗੇ ਕਾਰਜਕਾਰੀ ਪ੍ਰਧਾਨ : ਈ ਓ

ਜਗਰਾਉਂ (ਅਮਿਤ ਖੰਨਾ)-ਨਗਰ ਕੌਂਸਲ ਜਗਰਾਉਂ ਦੇ ਪ੍ਰਧਾਨ ਜਤਿੰਦਰ ਪਾਲ ਸਿੰਘ ਰਾਣਾ, ਜੋ ਕਾਂਗਰਸ ਪਾਰਟੀ ਨਾਲ ਜੁੜੇ ਹੋਏ ਹਨ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਪ੍ਰਧਾਨਗੀ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਰਾਣਾ ਉੱਪਰ ਦੋਸ਼ ਲਗਾਇਆ ਗਿਆ ਹੈ ਕਿ ਉਸ ਨੇ ਕਾਰਜ ਸਾਧਕ ਅਫਸਰ ਨੂੰ ਦਫਤਰ ਅੰਦਰ ਹੀ ਸਰਕਾਰੀ ਛੁੱਟੀ ਸਮੇਂ ਤੋਂ ਬਾਅਦ ਤਕਰੀਬਨ 8.30 ਵਜੇ ਰਾਤ ਤੱਕ ਬੰਧਕ ਬਣਾ ਕੇ ਰੱਖਿਆ ਤੇ ਸਰਕਾਰ ਵੱਲੋਂ ਠੇਕੇ ਉੱਪਰ ਰੱਖੇ ਗਏ ਸਫਾਈ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਕਾਰਜ ਸਾਧਕ ਅਫਸਰ ਤੋਂ ਜ਼ੋਰ ਜ਼ਬਰਦਸਤੀ ਨਾਲ ਹਸਤਾਖਰ ਕਰਾ ਕੇ ਵੰਡਣ ਦਾ ਮਾਮਲਾ ਹੈ। ਮਾਮਲਾ ਭਾਵੇਂ ਡੇਢ ਦੋ ਮਹੀਨੇ ਲਗਭਗ ਪੁਰਾਣਾ ਹੈ, ਪ੍ਰੰਤੂ ਕਾਰਜ ਸਾਧਕ ਅਫਸਰ ਸੁਖਦੇਵ ਸਿੰਘ ਰੰਧਾਵਾ ਵੱਲੋਂ ਇਸ ਦੀ ਸ਼ਿਕਾਇਤ ਸਥਾਨਕ ਸਰਕਾਰਾਂ ਵਿਭਾਗ ਦੇ ਉੱਚ ਅਧਿਕਾਰੀਆਂ ਤੱਕ ਕੀਤੀ ਗਈ ਸੀ ਤੇ ਸਥਾਨਕ ਸਰਕਾਰਾਂ ਵਿਭਾਗ ਦੇ ਉੱਚ ਅਧਿਕਾਰੀਆਂ ਨੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਪੜਤਾਲ ਕਰਨ ਤੋਂ ਬਾਅਦ ਜਤਿੰਦਰ ਪਾਲ ਸਿੰਘ ਰਾਣਾ ਨੂੰ ਇਸ ਕਾਰਨ ਕਰਕੇ ਪ੍ਰਧਾਨਗੀ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਜਤਿੰਦਰ ਪਾਲ ਸਿੰਘ ਰਾਣਾ ਹੁਣ ਸਿਰਫ ਬਾਕੀ ਦੇ ਕੌਂਸਲਰਾਂ ਵਾਂਗੂੰ ਆਮ ਕੌਂਸਲਰ ਹੀ ਹੋਣਗੇ। ਓਧਰ, ਜਤਿੰਦਰ ਪਾਲ ਰਾਣਾ ਦੇ ਪ੍ਰਧਾਨਗੀ ਅਹੁਦੇ ਤੋਂ ਬਰਖਾਸਤ ਹੋਣ ਮਗਰੋਂ ਜਦੋਂ ਪ੍ਰਧਾਨ ਦੀ ਸੀਟ ਖਾਲੀ ਹੋਣ ਬਾਰੇ ਕਾਰਜ ਸਾਧਕ ਅਫਸਰ ਸੁਖਦੇਵ ਸਿੰਘ ਰੰਧਾਵਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਨਿਯਮਾਂ ਮੁਤਾਬਕ ਸੀਨੀਅਰ ਮੀਤ ਪ੍ਰਧਾਨ ਹੀ ਨਗਰ ਕੌਂਸਲ ਜਗਰਾਓਂ ਦੇ ਕਾਰਜਕਾਰੀ ਪ੍ਰਧਾਨ ਵਜੋਂ ਆਪਣੀਆਂ ਸੇਵਾਵਾਂ ਨਿਭਾਉਣਗੇ।

ਸਨਅਤੀ ਕਾਮਿਆਂ ਦੇ ਹੱਕਾਂ 'ਤੇ ਹਮਲੇ ਖਿਲਾਫ ਲੋਕ ਮੋਰਚਾ ਪੰਜਾਬ ਵੱਲੋਂ ਮੁਜ਼ਾਹਰਾ

ਬਠਿੰਡਾ (ਪਰਵਿੰਦਰ ਜੀਤ ਸਿੰਘ)

15 ਦਿਨਾਂ ਤੋਂ ਵੀ ਲੰਬੀ ਚੱਲੀ ਮੁਹਿੰਮ ਦੀ ਸਿਖਰ 'ਤੇ ਅੱਜ ਲੋਕ ਮੋਰਚਾ ਪੰਜਾਬ ਵੱਲੋਂ ਬਠਿੰਡਾ ਵਿਖੇ ਸਨਅਤੀ ਕਾਮਿਆਂ ਦੇ ਹੱਕਾਂ ਉੱਤੇ ਨਿਰੰਤਰ ਵਿੱਢੇ ਹਮਲੇ, ਪੰਜਾਬ ਸਰਕਾਰ ਵੱਲੋਂ ਓਵਰ ਟਾਈਮ ਦੇ ਘੰਟਿਆਂ ਵਿੱਚ ਕੀਤੇ ਵਾਧੇ ਤੇ ਕਿਰਤ ਕਾਨੂੰਨਾਂ ਦੇ ਖੋਰੇ ਜਾਣ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨ ਵਿੱਚ ਫੈਕਟਰੀ ਕਾਮਿਆਂ ਤੇ ਠੇਕਾ ਮੁਲਾਜ਼ਮਾਂ ਤੋਂ ਇਲਾਵਾ ਕਿਸਾਨਾਂ, ਮਜ਼ਦੂਰਾਂ ਤੇ ਹੋਰ ਮੁਲਾਜ਼ਮ ਹਿੱਸਿਆਂ ਵੱਲੋਂ ਵੀ ਸ਼ਮੂਲੀਅਤ ਕੀਤੀ ਗਈ। ਮੁਜ਼ਾਹਰੇ ਤੋਂ ਪਹਿਲਾਂ ਸਥਾਨਕ ਟੀਚਰਜ਼ ਹੋਮ ਵਿਖੇ ਕੀਤੀ ਗਈ ਰੈਲੀ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਸੂਬਾ ਸਕੱਤਰ ਸ੍ਰੀ ਜਗਮੇਲ ਸਿੰਘ, ਸੂਬਾ ਕਮੇਟੀ ਮੈਂਬਰ ਸ੍ਰੀ ਸੁਖਵਿੰਦਰ ਸਿੰਘ ਤੇ ਸੀਰੀਂ ਨੇ ਕਿਹਾ ਕਿ ਦੇਸੀ ਪੂੰਜੀਪਤੀਆਂ ਤੇ ਸਾਮਰਾਜੀ ਲੁੱਟ ਦੀਆਂ ਲੋੜਾਂ ਤਹਿਤ ਭਾਰਤੀ ਹਾਕਮਾਂ ਵੱਲੋਂ ਵੱਡੇ ਮਜ਼ਦੂਰ ਵਿਰੋਧੀ ਕਦਮ ਚੁੱਕੇ ਗਏ ਹਨ ਅਤੇ ਭਾਰਤੀ ਕਾਮਿਆਂ ਨੂੰ ਗੁਲਾਮਾਂ ਵਰਗੀਆਂ ਕਿਰਤ ਹਾਲਤਾਂ ਦੇ ਵੱਸ ਪਾਇਆ ਗਿਆ ਹੈ। ਕਿਰਤ ਕਾਨੂੰਨਾਂ ਨੂੰ ਭੰਗ ਕਰਕੇ ਮਜ਼ਦੂਰ ਵਿਰੋਧੀ ਕਿਰਤ ਕੋਡ ਲਾਗੂ ਕਰਨਾ ਇਨ੍ਹਾਂ ਸਾਮਰਾਜੀ ਲੋੜਾਂ ਤਹਿਤ ਹੀ ਕੀਤਾ ਗਿਆ ਹੈ, ਜਿਸ ਨਾਲ ਸਨਅਤੀ ਜ਼ਜਦੂਰਾਂ ਦੀਆਂ ਉਜਰਤਾਂ, ਰੁਜ਼ਗਾਰ, ਹਾਦਸਿਆਂ ਤੋਂ ਸੁਰੱਖਿਆ, ਕੰਮ ਹਾਲਤਾਂ ਆਦਿ ਸਭ ਕੁਝ ਖਤਰੇ ਦੇ ਮੂੰਹ ਪਾ ਦਿੱਤਾ ਗਿਆ ਹੈ। ਇਸੇ ਦਿਸ਼ਾ ਵਿੱਚ ਕਦਮ ਲੈਂਦਿਆਂ ਪੰਜਾਬ ਸਰਕਾਰ ਨੇ ਓਵਰਟਾਈਮ ਦੇ ਘੰਟੇ ਵਧਾਏ ਹਨ, ਜਿਨ੍ਹਾਂ ਦਾ ਅਰਥ ਘੱਟ ਮਜ਼ਦੂਰਾਂ ਤੋਂ ਵੱਧ ਕੰਮ ਲੈਣ, ਉਨ੍ਹਾਂ ਨੂੰ ਸਮਾਜਕ ਸਰਗਰਮੀ ਤੋਂ ਵਾਂਝਾ ਕਰਨ, ਛਾਂਟੀਆਂ ਕਰਨ ਤੇ ਹੋਰ ਵੱਧ ਸਖਤ ਕੰਮ ਦੇ ਵੱਸ ਪਾਉਣ ਨੂੰ ਕਾਨੂੰਨੀ ਵਾਜਬੀਅਤ ਦੇਣਾ ਬਣਦਾ ਹੈ। ਕਿਰਤ ਕਾਨੂੰਨਾਂ 'ਤੇ ਹਮਲਾ ਨਵੇਂ ਖੇਤੀ ਕਾਨੂੰਨਾਂ ਤੇ ਜੰਗਲ ਕਾਨੂੰਨ ਵਿੱਚ ਸੋਧਾਂ ਵਾਂਗ ਹੀ ਸਾਮਰਾਜੀ ਸੇਵਾ ਵਿੱਚ ਜੁਟੇ ਭਾਰਤੀ ਹਾਕਮਾਂ ਵੱਲੋਂ ਲੋਕਾਂ ਖਿਲਾਫ ਵਿੱਢੇ ਚੌਤਰਫਾ ਹਮਲੇ ਦਾ ਅੰਗ ਹੈ। ਇਸ ਮੌਕੇ ਮਤੇ ਪਾਸ ਕਰਦਿਆਂ ਇਹ ਮੰਗ ਕੀਤੀ ਗਈ ਕਿ ਮੁਲਾਜ਼ਮਾਂ ਤੋਂ ਖੋਹੀ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਸੰਸਦ ਅੰਦਰ ਆਪਣਾ ਰੋਸ ਦਰਜ ਕਰਵਾਉਣ ਵਾਲੇ ਨੌਜਵਾਨਾਂ ਨੂੰ ਰਿਹਾਅ ਕੀਤਾ ਜਾਵੇ ਤੇ ਫਲਸਤੀਨ ਖਿਲਾਫ ਇਜ਼ਰਾਇਲ ਵੱਲੋਂ ਵਿੱਢੀ ਨਿਹੱਕੀ ਜੰਗ ਬੰਦ ਕੀਤੀ ਜਾਵੇ। ਰੈਲੀ ਉਪਰੰਤ ਸ਼ਹਿਰ ਵਿੱਚ ਰੋਸ ਮੁਜ਼ਾਹਰਾ ਕਰਦਿਆਂ ਹਾਜ਼ਰ ਲੋਕਾਂ ਵੱਲੋਂ ਓਵਰਟਾਈਮ ਦੇ ਘੰਟਿਆਂ ਵਿੱਚ ਵਾਧੇ ਦਾ ਨੋਟੀਫਿਕੇਸ਼ਨ ਵਾਪਸ ਲੈਣ, ਕਿਰਤ ਕੋਡ ਰੱਦ ਕਰਨ, ਕਿਰਤ ਕਾਨੂੰਨ ਬਹਾਲ ਕਰਨ, ਕੱਚੇ ਕਾਮਿਆਂ ਨੂੰ ਪੱਕੇ ਕਰਨ, ਨਿੱਜੀ ਖੇਤਰ ਅੰਦਰ ਸਰਕਾਰੀ ਖੇਤਰ ਦੇ ਬਰਾਬਰ ਉਜ਼ਰਤਾਂ ਤੇ ਸਹੂਲਤਾਂ ਸੁਨਿਸ਼ਚਤ ਕਰਨ ਅਤੇ ਨਵੀਆਂ ਆਰਥਿਕ ਨੀਤੀਆਂ ਰੱਦ ਕਰਨ ਆਦਿ ਮੰਗਾਂ ਉਭਾਰੀਆਂ ਗਈਆਂ।

ਕਾਤਰਾਂ

ਬਹਾਵਲਪੁਰ ਬਰਾਦਰੀ ਵੱਲੋਂ ਪਰਿਵਾਰ ਮਿਲਣ ਸਮਾਰੋਹ ਅੱਜ

ਨਾਭਾ (ਪੱਤਰ ਪ੍ਰੇਰਕ)-ਬਹਾਵਲਪੁਰ ਬਿਰਾਦਰੀ ਵੈੱਲਫੇਅਰ ਸੁਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਸਾਲ ਵੀ ਪ੍ਰਧਾਨ ਸ਼ਾਂਤੀ ਪ੍ਰਕਾਸ਼ ਛਾਬੜਾ ਦੀ ਅਗਵਾਈ ਹੇਠ ਪਰਿਵਾਰ ਮਿਲਣ ਸਮਾਰੋਹ ਤੇ ਭਜਨ ਸੰਧਿਆ ਪ੍ਰੀਤ ਪੈਲੇਸ ਨੇੜੇ ਗਊਸ਼ਾਲਾ ਦੁਲੱਦੀ ਗੇਟ ਨਾਭਾ ਵਿਖੇ ਕੀਤਾ ਜਾ ਰਿਹਾ ਹੈ। ਇਸ ਸਮਾਰੋਹ ਦੀ ਜਾਣਕਾਰੀ ਦਿੰਦਿਆਂ ਪ੍ਰੈੱਸ ਸਕੱਤਰ ਵਰਿੰਦਰ ਵਰਮਾ ਨੇ ਦੱਸਿਆ ਕਿ ਇਹ ਸਮਾਰੋਹ 17 ਦਸੰਬਰ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਭਜਨ ਗਾਇਕ ਸ੍ਰੀ ਕਾਂਤ ਯੁਵੀ ਸ਼ਰਮਾ ਭਗਵਾਨ ਸ਼ਿਆਮ ਦੀ ਮਹਿਮਾ ਦਾ ਗੁਣਗਾਨ ਕਰਨਗੇ। ਇਸ ਸਮਾਰੋਹ ਦੇ ਮੁੱਖ ਮਹਿਮਾਨ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਗਿਆਨ ਚੰਦ ਕਟਾਰੀਆ ਆਲ ਇੰਡੀਆ ਪ੍ਰਧਾਨ ਭਾਰਤੀਯ ਬਹਾਵਲਪੁਰ ਮਹਾਂ ਸੰਘ ਤੇ ਵਿਸ਼ੇਸ਼ ਮਹਿਮਾਨ ਤੇਜਿੰਦਰ ਮਹਿਤਾ ਡਾਇਰੈਕਟਰ ਪੰਜਾਬ ਸਟੇਟ ਇੰਡਸਟਰੀ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਿਡ, ਜਗਦੀਸ਼ ਜੱਗਾ ਆਲ ਇੰਡੀਆ ਸੀਨੀਅਰ ਮੀਤ ਪ੍ਰਧਾਨ ਭਾਰਤੀਯ ਬਹਾਵਲਪੁਰ ਮਹਾਂ ਸੰਘ, ਰਾਜ ਸਚਦੇਵਾ, ਰਾਮ ਚੰਦ ਰਾਮਾ, ਬਲਦੇਵ ਕ੍ਰਿਸ਼ਨ ਹਸੀਜਾ ਪੰਜਾਬ ਪ੍ਰਧਾਨ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ।

50 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 50 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਐੱਨ ਡੀ ਪੀ ਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਪਿੰਡ ਲੇਲੀ ਵਾਲਾ ਸ੍ਰੂਆ ਦੀ ਪੱਟੜੀ ਪਾਸ ਪੁੱਜੇ ਤਾਂ ਇਕ ਨੌਜਵਾਨ ਨੀਰਜ ਪੁੱਤਰ ਬਲਕਾਰ ਵਾਸੀ ਜਨਤਾ ਪ੍ਰੀਤ ਨਗਰ ਸਿਟੀ ਫਿਰੋਜ਼ਪੁਰ ਪੈਦਲ ਆਉਂਦਾ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਇਕਦਮ ਪਿੱਛੇ ਮੁੜ ਕੇ ਭੱਜਣ ਲੱਗਾ, ਜਿਸ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਸ ਕੋਲੋਂ 50 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਚੋਰੀ ਦੇ ਮੋਟਰਸਾਈਕਲ ਸਮੇਤ ਗ੍ਰਿਫਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ ਚੋਰੀ ਦੇ ਇੱਕ ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਹੈੱਡਕਾਂਸਟੇਬਲ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਜ਼ੀਰਾ ਗੇਟ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖ

page-6-17-Dec.-2023-(SM).qxd 12/16/2023 11:04 PM Page 1

ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਵਿਖੇ ਮਨਾਇਆ ਵਿਜੈ ਦਿਵਸ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਜ਼ਿਲ੍ਹੇ ਦੀ ਮਾਣਮੱਤੀ ਸੰਸਥਾ ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਵਿਖੇ 16 ਦਸੰਬਰ 1971 ਵਿੱਚ ਭਾਰਤੀ ਫੌਜ ਦੀ ਪਾਕਿਸਤਾਨ ਖਿਲਾਫ ਇਤਿਹਾਸਿਕ ਜਿੱਤ ਦੌਰਾਨ ਸੈਨਿਕਾਂ ਦੀ ਬਹਾਦਰੀ ਅਤੇ ਸਮਰਪਣ ਦੀ ਯਾਦ ਕਰਵਾਉਂਦਾ 'ਵਿਜੈ ਦਿਵਸ' ਬੜੀ ਸ਼ਰਧਾ ਭਾਵਨਾ ਨਾਲ ਸੰਸਥਾ ਦੇ ਮੁੱਖ ਸੇਵਾਦਾਰ ਗਗਨਦੀਪ ਸਿੰਘ ਵਿਰਕ ਦੇ ਪ੍ਰਬੰਧਾਂ ਹੇਠ ਮਨਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਦੁਆਰਾ ਸ਼ਹੀਦ ਨਾਇਕਾਂ ਪ੍ਰਤੀ ਸਤਿਕਾਰ ਨੂੰ ਦਰਸਾਉਂਦੇ ਹੋਏ ਲੈਕਚਰ, ਕਵਿਤਾਵਾਂ ਪੇਸ਼ ਕੀਤੀਆਂ ਅਤੇ ਵਿਦਿਆਰਥੀਆਂ ਦੇ ਮੈਗਜ਼ੀਨ ਤੇ ਬੋਰਡ ਮੁਕਾਬਲੇ ਕਰਵਾਏ ਗਏ। ਸੰਸਥਾ ਦੀ ਵਿਦਿਆਰਥਣ ਹਰਲੀਨ ਕੌਰ ਨੇ ਆਪਣੇ ਲੈਕਚਰ ਰਾਹੀਂ ਦੱਸਿਆ ਕਿ ਵਿਜੈ ਦਿਵਸ ਭਾਰਤ ਪਾਕਿਸਤਾਨ ਯੁੱਧ ਦੌਰਾਨ ਪਾਕਿਸਤਾਨ ਉੱਤੇ ਭਾਰਤੀ ਹਥਿਆਰਬੰਦ ਬਲਾਂ ਦੀ ਜਿੱਤ, ਭਾਰਤੀ ਸੈਨਿਕਾਂ ਦੀ ਕੁਰਬਾਨੀ ਦਾ ਸਤਿਕਾਰ ਕਰਨ ਅਤੇ ਦੱਖਣੀ ਏਸ਼ੀਆ ਦੇ ਨਕਸ਼ੇ ਨੂੰ ਮੁੜ ਆਕਾਰ ਦੇਣ ਦਾ ਜ਼ਸਨ ਮਨਾਉਂਦਾ ਹੈ। ਇਸ ਤੋਂ ਇਲਾਵਾ ਸੰਸਥਾ ਦੇ ਅਧਿਆਪਕ ਜਸਮੀਤ ਸਿੰਘ, ਐਸਮੀਤ ਕੌਰ, ਗੁਰਸੀਰਤ ਕੌਰ, ਸੁਪ੍ਰੀਤ ਕੌਰ, ਗੁਰਤਾਜ ਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਬੰਗਲਾਦੇਸ਼ ਦੇ ਗਠਨ ਦੀ ਅਗਵਾਈ ਕਰਨ ਵਾਲੇ ਇਸ ਨਿਰਣਾਇਕ ਯੁੱਧ ਬਾਰੇ ਪੂਰੇ ਵੇਰਵੇ ਵਿੱਚ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਸੰਸਥਾ ਦੇ ਮੁੱਖ ਸੇਵਾਦਾਰ ਗਗਨਦੀਪ ਸਿੰਘ ਵਿਰਕ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦੇ ਹੋਏ ਦੱਸਿਆ ਕਿ ਵਿਜੇ ਦਿਵਸ ਸਾਡੀਆਂ ਭਾਰਤੀ ਹਥਿਆਰਬੰਦ ਸੈਨਾਵਾਂ ਦੀ ਨਿੱਡਰਤਾ, ਸਾਹਸ ਅਤੇ ਬਹਾਦਰੀ ਦਾ ਪ੍ਰਤੀਕ ਹੈ। ਇਹ ਵਿਜੈ ਦਿਵਸ ਲਗਾਤਾਰ 13 ਦਿਨ ਚੱਲੇ ਭਾਰਤ ਪਾਕਿ ਯੁੱਧ ਦੌਰਾਨ ਬਹਾਦਰੀ ਦੇ ਜੌਹਰ ਵਿਖਾਉਣ ਵਾਲੇ ਹਰ ਫੌਜੀ ਬਹਾਦਰ ਦੀ ਕਹਾਣੀ ਨੂੰ ਅਮਰ ਕਰ ਦਿੰਦਾ ਹੈ। ਉਨ੍ਹਾਂ ਨੇ 1971 ਦੇ ਭਾਰਤ ਪਾਕਿ ਯੁੱਧ ਦੇ ਅਮਰ ਹੀਰੋ ਲੈਫਟੀਨੈਂਟ ਜਨਰਲ ਅਜੀਤ ਸਿੰਘ ਅਰੋੜਾ, ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ, ਨਿਰਮਲਜੀਤ ਸਿੰਘ ਸੇਖੋਂ, ਜਨਰਲ ਸੈਮ ਮਾਣਕ ਸ਼ਾਹ ਦੀ ਬਹਾਦਰੀ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਅਕੀਦਤ ਦੇ ਫੁੱਲ ਭੇਟ ਕੀਤੇ। ਇਸ ਦੌਰਾਨ ਵਿਦਿਆਰਥੀਆਂ ਦੁਆਰਾ ਆਪਣੇ ਦੇਸ਼ ਦੇ ਸਨਮਾਨ ਦੀ ਰੱਖਿਆ ਕਰਦੇ ਹੋਏ ਸੈਨਿਕਾਂ ਦੇ ਅਦੁੱਤੀ ਜਜ਼ਬੇ ਅਤੇ ਅਟੁੱਟ ਸਾਹਸ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੀ ਬਹਾਦਰੀ ਤੋਂ ਪ੍ਰੇਰਨਾ ਲਈ।

ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਮੈਡਮ ਇੰਦਰਜੀਤ ਕੌਰ ਸੈਣੀ, ਡਾਇਰੈਕਟਰ ਪ੍ਰਿੰਸੀਪਲ ਮਨਪ੍ਰੀਤ ਕੌਰ ਵਿਰਕ, ਕੋਆਰਡੀਨੇਟਰ ਸੁਖਦੀਪ ਕੌਰ, ਹਰਿਕੰਦਰਬੀਰ ਸਿੰਘ, ਬਲਜੀਤ ਕੌਰ ਢਿੱਠਵਾਂ, ਸੁਮਨਦੀਪ ਕੌਰ, ਸੁਰਜੀਤ ਕੌਰ, ਰੁਪਿੰਦਰਜੀਤ ਕੌਰ, ਜਤਿੰਦਰ ਕੁਮਾਰ ਹਾਜ਼ਰ ਸਨ।

ਸ਼ਹੀਦੀ ਦਿਹਾੜੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਨਗਰ ਕੀਰਤਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰਦੁਆਰਾ ਗੁਰੂ ਕੇ ਮਹਿਲ ਤੱਕ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਸਜਾਏ ਨਗਰ ਕੀਰਤਨ ਦੀ ਆਰੰਭਤਾ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸੁਨਹਿਰੀ ਪਾਲਕੀ ਵਿਚ ਸੁਸ਼ੋਭਿਤ ਕੀਤਾ। ਨਗਰ ਕੀਰਤਨ ਦੀ ਆਰੰਭਤਾ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਨਗਰ ਕੀਰਤਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਣ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ 'ਚੋਂ ਹੁੰਦਾ ਹੋਇਆ ਸ੍ਰੀ ਗੁਰੂ ਰਾਮਦਾਸ ਨਿਵਾਸ, ਚੌਕ ਪਰਾਗਦਾਸ, ਚੌਕ ਮੰਨਾ ਸਿੰਘ, ਚੌਕ ਕਰੋੜੀ, ਚੌਕ ਬਾਬਾ ਸਾਹਿਬ, ਗੁਰਦੁਆਰਾ ਬਾਬਾ ਅਟੱਲ ਰਾਏ, ਗਲਿਆਰਾ, ਗੁਰਦੁਆਰਾ ਕੌਲਸਰ ਸਾਹਿਬ, ਆਟਾ ਮੰਡੀ, ਬਜ਼ਾਰ ਬਾਂਸਾਂ, ਬਾਜ਼ਾਰ ਪਾਪੜਾਂ, ਬਾਜ਼ਾਰ ਕਾਠੀਆਂ, ਗੁਰੂ ਬਾਜ਼ਾਰ ਤੋਂ ਹੁੰਦਾ ਹੋਇਆ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਸੰਪੂਰਨ ਹੋਇਆ। ਇਸ ਦੌਰਾਨ ਵੱਖ-ਵੱਖ ਥਾਵਾਂ 'ਤੇ ਸੰਗਤਾਂ ਨੇ ਨਗਰ ਕੀਰਤਨ ਦਾ ਸਵਾਗਤ ਕਰਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕੀਤਾ। ਨਗਰ ਕੀਰਤਨ ਵਿਚ ਗਤਕਾ ਅਤੇ ਬੈਂਡ ਪਾਰਟੀਆਂ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਦੌਰਾਨ ਪੁੱਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਧਰਮ ਦੀ ਰੱਖਿਆ ਲਈ ਸ਼ਹਾਦਤ ਦੇ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸੰਸਾਰ ਅੰਦਰ ਵਿਲੱਖਣ ਇਤਿਹਾਸ ਦੀ ਸਿਰਜਣਾ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਦੂਜਿਆਂ ਲਈ ਆਪਾ ਵਾਰਨ ਦੇ ਬਖ਼ਸ਼ਿਸ਼ ਕੀਤੇ ਸਿਧਾਂਤ ਨੇ ਮਨੁੱਖਤਾ ਨੂੰ ਧਰਮ ਦੀ ਆਜ਼ਾਦੀ ਦਾ ਰਾਹ ਦਿਖਾਇਆ। ਐਡਵੋਕੇਟ ਧਾਮੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਲ ਸ਼ਹੀਦੀ ਪ੍ਰਾਪਤ ਕਰਨ ਵਾਲੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਵੀ ਯਾਦ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ, ਸੁਰਜੀਤ ਸਿੰਘ ਭਿੱਟੇਵੱਡ, ਅਮਰਜੀਤ ਸਿੰਘ ਬੰਡਾਲਾ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਸਕੱਤਰ ਪ੍ਰਤਾਪ ਸਿੰਘ, ਓਐੱਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਤੇਜਿੰਦਰ ਸਿੰਘ ਪੱਡਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਗੁਰਚਰਨ ਸਿੰਘ ਕੁਹਾਲਾ, ਜਸਵਿੰਦਰ ਸਿੰਘ ਜੱਸੀ, ਪ੍ਰੋ. ਸੁਖਦੇਵ ਸਿੰਘ, ਹਰਭਜਨ ਸਿੰਘ ਵਕਤਾ, ਸੁਪਰਡੈਂਟ ਨਿਸ਼ਾਨ ਸਿੰਘ, ਰਾਜਿੰਦਰ ਸਿੰਘ ਰੂਬੀ ਅਟਾਰੀ, ਮੈਨੇਜਰ ਨਰਿੰਦਰ ਸਿੰਘ, ਵਧੀਕ ਮੈਨੇਜਰ ਇਕਬਾਲ ਸਿੰਘ ਮੁਖੀ, ਨਿਸ਼ਾਨ ਸਿੰਘ ਜੱਫ਼ਰਵਾਲ ਅਤੇ ਗੁਰਤਿੰਦਰਪਾਲ ਸਿੰਘ ਆਦਿ ਹਾਜ਼ਰ ਸਨ।

ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਠੱਗੀ ਮਾਰਨ ਵਾਲੇ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਦੋਰਾਂਗਲਾ ਪੁਲਸ ਨੇ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਇਕ ਏਜੰਟ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਦੋਰਾਂਗਲਾ ਪੁਲਸ ਦੇ ਏਐੱਸਆਈ. ਸ਼ਲਿੰਦਰ ਸਿੰਘ ਨੇ ਦੱਸਿਆ ਕਿ ਇਹ ਮੁਕੱਦਮਾ ਦਰਖਾਸਤ ਨੰਬਰੀ 3246-ਐੱਸ. ਪੀ. ਹੈੱਡਕੁਆਟਰ 30.08.23 ਉਪ ਪੁਲਸ ਕਪਤਾਨ ਸਥਾਨਕ ਗੁਰਦਾਸਪੁਰ ਬਾਅਦ ਇਨਕੁਆਰੀ ਦੋਸ਼ੀ ਬਲਜਿਦਰ ਸਿੰਘ ਪੁਤਰ ਪੂਰਨ ਸਿੰਘ ਵਾਸੀ ਬਹਾਦਰ ਲਾਹੜੀ ਥਾਣਾ ਸੁਜਾਨਪੁਰ ਖ਼ਿਲਾਫ਼ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਪਾਇਆ ਕਿ ਉਕਤ ਦੋਸ਼ੀ ਨੇ ਹਰਪ੍ਰੀਤ ਸਿੰਘ ਪੁੱਤਰ ਦਵਿੰਦਰ ਸਿੰਘ ਵਾਸੀ ਆਲੀਨੰਗਲ ਨੂੰ ਰੋਮਾਨੀਆ ਭੇਜਣ ਲਈ 4,50,000 ਰੁਪਏ ਲਏ ਸਨ ਅਤੇ ਦੋਸ਼ੀ ਬਲਜਿੰਦਰ ਸਿੰਘ ਨੇ ਮੁਦਈ ਹਰਪ੍ਰੀਤ ਸਿੰਘ ਨੂੰ ਵਿਦੇਸ ਰੋਮਾਨੀਆ ਭੇਜਣ ਦੀ ਬਜਾਏ ਧੋਖੇ ਵਿੱਚ ਰੱਖ ਕੇ ਅਰਮੀਨੀਆ ਭੇਜ ਦਿੱਤਾ ਜੋ ਹਰਪ੍ਰੀਤ ਸਿੰਘ ਖੱਜਲ ਖੁਆਰ ਹੋ ਕੇ ਕਰੀਬ 15 ਦਿਨ ਬਾਅਦ ਵਾਪਿਸ ਭਾਰਤ ਆ ਗਿਆ। ਪੁਲਸ ਨੇ ਉਕਤ ਦੋਸ਼ੀ ਖ਼ਿਲਾਫ਼ ਧਾਰਾ 420 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

COURT NOTICE

In the Court of
Sh. Tarunpreet Singh,
Judicial Magistrate-1st Class,
Ludhiana
Coma/8125/2022
CNR No. PBLD03-026902-2022
Next Date : 15-01-2024
IDFC First Bank Ltd.
Vs. Upinder Pal Singh

Publication Issued to : Upinder Pal Singh R/o House No.-1237/17, Street No. 2, Ward No. 38, Near Baba Than Singh Chowk, Dhoka Mohalla, Ludhiana-141008.

In above titled case, the accused could not be served. It is ordered that accused should appear in person or through counsel on 15-01-2024 at 10.00 a.m.

For details logon to https://high-courtchd.gov.in/?trs=district_notice &district=Ludhiana.

Judicial Magistrate-1st Class,
Ludhiana.
Dated, this day of 13-12-2023

ਬਾਬਾ ਬੰਦਾ ਸਿੰਘ ਬਹਾਦਰ ਸਕੂਲ ਵਿਖੇ ਸਾਹਿਬਜ਼ਾਦਾ ਫਤਿਹ ਸਿੰਘ ਦਾ ਪ੍ਰਕਾਸ਼ ਪੁਰਬ ਮਨਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਪੂਰੀ ਸ਼ਰਧਾ ਭਾਵਨਾ ਨਾਲ ਸਾਹਿਬਜ਼ਾਦਾ ਫਤਿਹ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਸਕੂਲ ਵਿੱਚ ਬਣਾਏ ਚਾਰ ਸਾਹਿਬਜ਼ਾਦਿਆਂ ਦੇ ਨਾਮ ਤੇ ਹਾਊਸਾਂ ਵਿੱਚੋਂ ਅੱਜ ਬਾਬਾ ਫਤਿਹ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਵੇਰ ਦੀ ਸਭਾ ਦਾ ਆਯੋਜਨ ਫਤਿਹ ਹਾਊਸ ਵੱਲੋਂ ਕੀਤਾ ਗਿਆ। ਸਵੇਰ ਦੀ ਸਭਾ ਵਿੱਚ ਦਸਵੀਂ ਜਮਾਤ ਦੀ ਵਿਦਿਆਰਥਣ ਕਿਰਨਦੀਪ ਕੌਰ ਵੱਲੋਂ ਬਾਬਾ ਫਤਿਹ ਸਿੰਘ ਜੀ ਦੇ ਜਨਮ ਦਿਹਾੜੇ ਤੇ ਉਨ੍ਹਾਂ ਦੇ ਜੀਵਨ 'ਤੇ ਚਾਨਣਾ ਪਾਇਆ ਗਿਆ। ਸੱਤਵੀਂ ਜਮਾਤ ਦੀ ਵਿਦਿਆਰਥਣ ਅਵਨੀਤ ਕੌਰ ਨੇ ਸਾਹਿਬਜ਼ਾਦਿਆਂ ਦੇ ਜੀਵਨ ਨੂੰ ਦਰਸਾਉਂਦੀ ਹੋਈ ਕਵਿਤਾ ਪੇਸ਼ ਕੀਤੀ। ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਦੁਆਰਾ ਵਿਦਿਆਰਥੀਆਂ ਨੂੰ ਬਾਬਾ ਫਤਿਹ ਸਿੰਘ ਜੀ ਦੇ ਜੀਵਨ ਕਾਲ ਅਤੇ ਸ਼ਹਾਦਤ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚੌਥੇ ਸਾਹਿਬਜ਼ਾਦੇ ਬਾਬਾ ਫਤਿਹ ਸਿੰਘ ਜੀ ਦੀ ਉਮਰ ਭਾਵੇਂ ਕਿ ਸੱਤ ਸਾਲ ਦੀ ਸੀ ਪਰ ਉਨ੍ਹਾਂ ਅੰਦਰ ਸਿੱਖੀ ਤੋਂ ਕੁਰਬਾਨ ਹੋਣ ਦਾ ਜਜ਼ਬਾ ਬਹੁਤ ਜ਼ਿਆਦਾ ਸੀ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਬਾਬਾ ਜੀ ਦੇ ਜੀਵਨ ਤੋਂ ਪ੍ਰੇਰਿਤ ਹੋ ਕੇ ਜੀਵਨ ਬਿਤਾਉਣ ਲਈ ਉਤਸ਼ਾਹਿਤ ਕੀਤਾ। ਸਾਰੇ ਵਿਦਿਆਰਥੀਆਂ ਦੁਆਰਾ ਚਾਰ ਸਾਹਿਬਜ਼ਾਦਿਆਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੇ ਨਾਮ ਦਾ ਜਾਪ ਕੀਤਾ ਅਤੇ ਗੁਰੂ ਜੀ ਦੀ ਬਖਸ਼ੀ ਹੋਈ ਫਤਿਹ ਬੁਲਾ ਕੇ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕੀਤੀ।

COURT NOTICE

In the Court of
Nirmala Devi,
Civil Judge (Junior Division), Ludhiana.
CNR No. PBLD02-012391-2023
Next Date : 10-01-2024
Paramjit Kaur vs. Kulwant Kaur

Suit for declaration to the Effect that the Plaintiff and Defendant are Joint Owners and in Possession of Electric Motor Connection Bearing Account No. AP_12-404-P of 7.5 BHP Installed In the Name of Kishan Singh S/o Baghel Singh Adopted Son of Basawa Singh.

Publication Issued to : Kulwant Kaur W/o Bara Singh R/o Navi Abadi, Village Akalgarh (New Basti) Shaheed Bhagat Singh Nagar, Near Sudhar, Tehsil Raikot District Ludhiana.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 10-01-2024 at 10.00 a.m.

For details logon to https://high-courtchd.gov.in/?trs=district_notice& district=Ludhiana.

Civil Judge (Junior Division), Ludhiana.
Dated, this day of 12-12-2023

SITUATION VACANT

Baba Mehar Singh Memorial College Of Education, VPO Kalanaur Tehsil and District Gurdaspur invites online applications for the post of Principal on regular/contractual basis. Qualification and Grade as per UGC/NCTE/ Punjab Govt,/GNDU norms. Reservation Policy will be as per Punjab Govt rules. Candidates must submit online application within 07 days from the date of publication of advertisement. A copy of application alongwith a DD of Rs1180/-(non-refundable)in favour of Registrar Guru Nanak Dev university, Amritsar may also be sent to Dean, CDC, Guru Nanak Dev University, Amritsar within stipulated time through registered post. Candidate must send the required documents alongwith the application as per the list available in the CDC portal on university website (www.gndu.ac.in). Incomplete application (without required documents) 'or' the application received after due date will not be entertained.

E-mail:bmsmkalanaur@rediffmail.com

ਮਾਪੇ-ਅਧਿਆਪਕ ਮਿਲਣੀ ਦੌਰਾਨ ਬੱਚਿਆਂ ਦੀ ਕਾਰਗੁਜ਼ਾਰੀ ਬਾਰੇ ਕਰਵਾਇਆ ਜਾਣੂ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਅਦੇਸ਼ਾਂ ਅਨੁਸਾਰ ਅੱਜ ਸੂਬੇ ਭਰ ਦੇ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਬੱਚਿਆਂ ਦੇ ਲਏ ਗਏ ਟੈਸਟਾਂ ਦੇ ਨਤੀਜੇ, ਸਮੁੱਚੀ ਕਾਰਗੁਜ਼ਾਰੀ, ਮਿਸ਼ਨ 100 ਪ੍ਰਤੀਸ਼ਤ ਅਤੇ ਨਵੇਂ ਸੈਸ਼ਨ ਦੌਰਾਨ ਸਰਕਾਰੀ ਸਕੂਲਾਂ ਵਿੱਚ ਦਾਖਲਾ ਵਧਾਉਣ ਸਬੰਧੀ ਅਹਿਮ ਵਿਸ਼ਿਆਂ ਤੇ ਅਧਿਆਪਕਾਂ ਦੁਆਰਾ ਸਾਰੀ ਜਾਣਕਾਰੀ ਬੱਚਿਆਂ ਦੇ ਮਾਪਿਆਂ ਨਾਲ ਸਾਂਝੀ ਕਰਨ ਲਈ ਮੈਗਾ ਮਾਪੇ-ਅਧਿਆਪਕ ਮਿਲਣੀ ਕਰਵਾਈ ਗਈ ਜਿਸ ਵਿੱਚ ਮਾਪਿਆਂ ਨੇ ਬੜੇ ਉਤਸ਼ਾਹ ਨਾਲ ਅਪਣੇ ਬੱਚਿਆਂ ਦੀ ਪੜ੍ਹਾਈ ਅਤੇ ਸਮੁੱਚੀ ਕਾਰਗੁਜ਼ਾਰੀ ਬਾਰੇ ਵਿਸਥਾਰ ਨਾਲ ਜਾਣਕਾਰੀ ਹਾਸਲ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਾਕ ਨੋਡਲ ਅਫਸਰ ਅਜਨਾਲਾ ਕਮ-ਪ੍ਰਿੰਸੀਪਲ ਮੈਡਮ ਰੁਪਿੰਦਰ ਰੰਧਾਵਾ ਨੇ ਦੱਸਿਆ ਕਿ ਸਕੂਲੀ ਬੱਚਿਆਂ ਦੇ ਭਵਿੱਖ ਨੂੰ ਹੋਰ ਸੰਵਾਰਨ ਲਈ ਵਿਭਾਗ ਵੱਲੋਂ ਇਹ ਉਪਰਾਲਾ ਕੀਤਾ ਗਿਆ ਜਿਸ ਨਾਲ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਸਮੁੱਚੀ ਕਾਰਗੁਜ਼ਾਰੀ ਦਾ ਪਤਾ ਲੱਗਦਾ ਹੈ ਅਤੇ ਮਾਪੇ ਆਪਣੀ ਹੋਰ ਜ਼ਿੰਮੇਵਾਰੀ ਨਾਲ ਸਕੂਲ ਸਮੇਂ ਤੋਂ ਬਾਅਦ ਬੱਚਿਆਂ ਨੂੰ ਘਰ ਵਿੱਚ ਬੈਠ ਕੇ ਹੋਰ ਪੜ੍ਹਨ ਲਈ ਪ੍ਰੇਰਿਤ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਮਾਪੇ ਅਧਿਆਪਕ ਮਿਲਣੀ ਦੌਰਾਨ ਮਿਸ਼ਨ ਸਮਰੱਥ, ਦਾਖਲਾ ਮੁਹਿੰਮ ਅਤੇ ਸਿੱਖਿਆ ਵਿਭਾਗ ਦੇ ਗੁਣਾਤਮਕ ਸਿੱਖਿਆ ਸੁਧਾਰਾਂ ਲਈ ਕੀਤੇ ਜਾ ਰਹੇ ਨਿਵੇਕਲੇ ਉਪਰਾਲਿਆਂ ਸਬੰਧੀ ਵੀ ਜਾਣਕਾਰੀ ਮਾਪਿਆਂ ਨਾਲ ਸਾਂਝੀ ਕੀਤੀ ਗਈ। ਉਨ੍ਹਾਂ ਸਮੂਹ ਮਾਪਿਆਂ ਨੂੰ ਆਪਣੇ ਬੱਚਿਆਂ ਦਾ ਸਰਕਾਰੀ ਸਕੂਲਾਂ ਵਿੱਚ ਹੀ

17-DEC-PAGE-7.qxd 12/16/2023 11:03 PM Page 1

ਆਰ ਸੇਟੀ ਵਿਖੇ ਬਿਊਟੀ ਪਾਰਲਰ ਮੈਨੇਜਮੈਂਟ ਦਾ ਮੁਫ਼ਤ ਕੋਰਸ 26 ਤੋਂ

ਹੁਸ਼ਿਆਰਪੁਰ (ਓ ਪੀ ਰਾਣਾ) ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਸਿਵਲ ਲਾਈਨਜ਼ ਹੁਸ਼ਿਆਰਪੁਰ ਵਿਖੇ ਸਥਿਤ ਪੀ ਐਨ ਬੀ ਆਰ ਸੇਟੀ (ਪੇਂਡੂ ਸਵੈ ਰੋਜ਼ਗਾਰ ਸਿਖਲਾਈ ਸੰਸਥਾ) ਵਲੋਂ ਇਕ ਮਹੀਨੇ ਦਾ ਬਿਊਟੀ ਪਾਰਲਰ ਮੈਨੇਜਮੈਂਟ ਦਾ ਮੁਫ਼ਤ ਸਿਖਲਾਈ ਕੋਰਸ 26 ਦਸੰਬਰ 2023 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਡਾਇਰੈਕਟਰ ਰਜਿੰਦਰ ਕੁਮਾਰ ਭਾਟੀਆ ਨੇ ਦੱਸਿਆ ਕਿ ਚਾਹਵਾਨ ਉਮੀਦਵਾਰ ਆਧਾਰ ਕਾਰਡ ਦੀ ਕਾਪੀ, 2 ਪਾਸਪੋਰਟ ਸਾਈਜ ਫੋਟੋ, ਵਿੱਦਿਅਕ ਯੋਗਤਾ ਸਰਟੀਫਿਕੇਟਾਂ ਦੀਆਂ ਕਾਪੀਆਂ ਅਤੇ ਐਸ.ਸੀ/ ਬੀ.ਪੀ.ਐਲ ਸਰਟੀਫਿਕੇਟ, ਜੇਕਰ ਕੋਈ ਹੋਵੇ ਤਾਂ 26 ਦਸੰਬਰ ਤੋਂ ਪਹਿਲਾਂ ਇੰਸਟੀਚਿਊਟ ਵਿਖੇ ਆ ਕੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਹ ਸਿਖਲਾਈ ਬਿਲਕੁਲ ਮੁਫਤ ਹੈ, ਸਗੋਂ ਇੰਸਟੀਚਿਊਟ ਵਿਚ ਬਿਨਾਂ ਕਿਸੇ ਫੀਸ ਦੇ ਦੁਪਹਿਰ ਦਾ ਖਾਣਾ ਅਤੇ ਚਾਹ ਦਿੱਤੀ ਜਾਂਦੀ ਹੈ।

ਐਸ ਡੀ ਕਾਲਜ 'ਚ ਮਨੁੱਖੀ ਅਧਿਕਾਰਾਂ ਬਾਰੇ ਸਲੋਗਨ ਰਾਈਟਿੰਗ ਮੁਕਾਬਲਾ ਕਰਵਾਇਆ

ਜਲੰਧਰ (**ਇਕਬਾਲ ਸਿੰਘ ਉੱਭੀ**) ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ ਦੇ ਪੋਲੀਟਿਕਲ ਸਾਇੰਸ ਵਿਭਾਗ ਵੱਲੋਂ ਮਨੁੱਖੀ ਅਧਿਕਾਰਾਂ 'ਤੇ ਸਲੋਗਨ ਰਾਈਟਿੰਗ ਮੁਕਾਬਲਾ ਕਰਵਾਇਆ ਗਿਆ। ਪੋਲੀਟਿਕਲ ਸਾਇੰਸ ਵਿਭਾਗ ਦੇ ਸਹਾਇਕ ਪ੍ਰੋਫੈਸਰ ਸ੍ਰੀਮਤੀ ਜਸਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਮਨੁੱਖੀ ਅਧਿਕਾਰਾਂ ਬਾਰੇ ਯੂ ਐਨ ਓ ਦੇ ਐਲਾਨਨਾਮੇ ਬਾਰੇ ਚਾਨਣਾ ਪਾਇਆ। ਵਿਦਿਆਰਥੀਆਂ ਨੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਕਈ ਆਕਰਸ਼ਕ ਨਾਅਰੇ ਲਗਾਏ। ਇਸ ਗਤੀਵਿਧੀ ਦਾ ਉਦੇਸ਼ ਰਚਨਾਤਮਕ ਪ੍ਰਗਟਾਵੇ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਕੇ ਵਿਦਿਆਰਥੀਆਂ 'ਚ ਜਾਗਰੂਕਤਾ ਪੈਦਾ ਕਰਨਾ ਅਤੇ ਸਮਾਜਿਕ ਜਿੰਮੇਵਾਰੀ ਦੀ ਭਾਵਨਾ ਨੂੰ ਉਤਸਾਹਿਤ ਕਰਨਾ ਹੈ। ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ-ਪ੍ਰਧਾਨ ਵਿਨੋਦ ਦਾਦਾ ਅਤੇ ਯੋਗ ਪ੍ਰਿੰਸੀਪਲ ਡਾ. ਪੂਜਾ ਪਰਾਸਰ ਨੇ ਵਿਦਿਆਰਥੀਆਂ ਨੂੰ ਮਨੁੱਖੀ ਅਧਿਕਾਰਾਂ ਦੀ ਮਹੱਤਤਾ ਨੂੰ ਵਧਾਉਣ ਅਤੇ ਨਿਰਮਾਣ 'ਚ ਸਫਲਤਾਪੂਰਵਕ ਯੋਗਦਾਨ ਪਾਉਣ ਲਈ ਇੱਕ ਸਾਰਥਕ ਪਲੇਟਫਾਰਮ ਦੇਣ ਲਈ ਵਿਭਾਗ ਨੂੰ ਵਧਾਈ ਦਿੱਤੀ।

ਸੇਂਟ ਸੋਲਜਰ ਦੇ ਤੇਜਵੀਰ ਨੇ ਰਾਸ਼ਟਰੀ ਪੱਧਰ 'ਤੇ ਜਿੱਤਿਆ ਸੋਨ ਤਗਮਾ

ਜਲੰਧਰ (**ਇਕਬਾਲ ਸਿੰਘ ਉੱਭੀ**) ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀ ਅਕਾਦਮਿਕ, ਖੇਡਾਂ ਅਤੇ ਹੋਰ ਗਤੀਵਿਧੀਆਂ 'ਚ ਆਪਣਾ ਨਾਂਅ ਰੌਸ਼ਨ ਕਰਕੇ ਹਮੇਸ਼ਾ ਬਾਕੀਆਂ ਨਾਲੋਂ ਅੱਗੇ ਰਹੇ ਹਨ। ਇਸੇ ਤਰ੍ਹਾਂ ਸੇਂਟ ਸੋਲਜਰ ਸਕੂਲ ਦੇ ਵਿਦਿਆਰਥੀ ਤੇਜਵੀਰ ਸਿੰਘ ਨੇ ਰਾਸ਼ਟਰੀ ਪੱਧਰ 'ਤੇ ਤਾਈਕਵਾਂਡੋ ਅੰਡਰ-41 ਕਿਲੋ ਭਾਰ ਵਰਗ 'ਚ ਚਾਂਦੀ ਦਾ ਤਗਮਾ ਜਿੱਤਿਆ ਹੈ। ਇਹ ਮੁਕਾਬਲਾ ਦੇਹਰਾਦੂਨ 'ਚ ਕਰਵਾਇਆ ਗਿਆ ਸੀ। ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਨੀਲਮ ਬਹਾਰ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ ਵੱਖ-ਵੱਖ ਸਕੂਲਾਂ ਦੇ 500 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਜਿਸ 'ਚੋਂ ਤੇਜਵੀਰ ਸਿੰਘ ਨੇ ਚਾਂਦੀ ਦਾ ਤਗਮਾ ਜਿੱਤ ਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਤੋਂ ਪਹਿਲਾਂ ਇਹ ਵਿਦਿਆਰਥੀ ਤਾਈਕਵਾਂਡੋ 'ਚ ਰਾਜ ਪੱਧਰ 'ਤੇ ਵੀ ਗੋਲਡ ਮੈਡਲ ਜਿੱਤ ਚੁੱਕਾ ਹੈ। ਇਸ ਟੂਰਨਾਮੈਂਟ 'ਚ ਰਾਸ਼ਟਰੀ ਪੱਧਰ 'ਤੇ ਚਾਂਦੀ ਦਾ ਤਗਮਾ ਜਿੱਤਣ 'ਤੇ ਪ੍ਰਿੰਸੀਪਲ ਨੇ ਵਿਦਿਆਰਥਣ ਅਤੇ ਕੋਚ ਨੀਲਿਮਾ ਦੇਵੀ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ। ਸੇਂਟ ਸੋਲਜਰ ਸਕੂਲ ਦੇ ਪੂਰੇ ਪਰਵਾਰ ਲਈ ਇਹ ਸ਼ਾਨਦਾਰ ਪਲ ਹੈ। ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥਣ ਦੀ ਪ੍ਰਸ਼ੰਸਾ ਕੀਤੀ ਅਤੇ ਉਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਆਪਣਾ ਨਾਂਅ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।

ਉਰਦੂ ਆਮੋਜ਼ ਦੀਆਂ ਕਲਾਸਾਂ ਪਹਿਲੀ ਜਨਵਰੀ ਤੋਂ

ਹੁਸ਼ਿਆਰਪੁਰ (**ਬਲਵੀਰ ਸਿੰਘ ਸੈਣੀ, ਓ ਪੀ ਰਾਣਾ**) ਭਾਸ਼ਾ ਵਿਭਾਗ, ਪੰਜਾਬ ਦੇ ਨਿਰਦੇਸ਼ਾਂ ਅਧੀਨ ਜ਼ਿਲ੍ਹਾ ਭਾਸ਼ਾ ਦਫ਼ਤਰ, ਹੁਸ਼ਿਆਰਪੁਰ ਵਿਖੇ 1 ਜਨਵਰੀ 2024 ਤੋਂ ਉਰਦੂ ਆਮੋਜ਼ ਦੀਆਂ ਕਲਾਸਾਂ ਸ਼ੁਰੂ ਹੋਣ ਜਾ ਰਹੀਆਂ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੋਜ ਅਫ਼ਸਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਉਰਦੂ ਬਹੁਤ ਪਿਆਰੀ ਜ਼ੁਬਾਨ ਹੈ। ਪੰਜਾਬੀ ਭਾਸ਼ਾ ਤੇ ਸਾਹਿਤ ਬਾਰੇ ਵਿਸਥਾਰ ਨਾਲ ਗਿਆਨ ਹਾਸਲ ਕਰਨ ਲਈ ਉਰਦੂ ਭਾਸ਼ਾ ਸਿੱਖਣੀ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੱਛਮੀ ਪੰਜਾਬ ਵਿਚ ਸਾਰਾ ਪੰਜਾਬੀ ਸਾਹਿਤ ਇਸੇ ਜ਼ੁਬਾਨ ਵਿਚ ਰਚਿਆ ਜਾ ਰਿਹਾ ਹੈ। ਸਗੋਂ ਉਥੇ ਵਿਦਿਆਰਥੀਆਂ ਨੂੰ ਗੁਰਮੁਖੀ ਦਾ ਗਿਆਨ ਦਿੱਤਾ ਜਾ ਰਿਹਾ ਹੈ। ਸਾਹਿਤ ਦੇ ਅਦਾਨ-ਪ੍ਰਦਾਨ ਲਈ ਇਨ੍ਹਾਂ ਦੋਹਾਂ ਲਿਪੀਆਂ ਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਭਾਸ਼ਾ ਵਿਭਾਗ ਦਫ਼ਤਰ, ਹੁਸ਼ਿਆਰਪੁਰ ਵਿਖੇ ਉਰਦੂ ਜ਼ੁਬਾਨ ਦੀ ਸਿਖਲਾਈ ਲਈ ਬਹੁਤ ਹੀ ਕਾਬਿਲ ਪੀ.ਐੱਚ.ਡੀ ਉਰਦੂ ਅਧਿਆਪਕ ਹਨ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਰਜਿਸਟ੍ਰੇਸ਼ਨ ਕਰਵਾਉਣ ਦੀ ਆਖ਼ਰੀ ਮਿਤੀ 25 ਦਸੰਬਰ 2023 ਹੈ। ਉਨ੍ਹਾਂ ਕਿਹਾ ਕਿ ਉਰਦੂ ਆਮੋਜ਼ ਸਿੱਖਣ ਵਾਲੇ ਵਿਦਿਆਰਥੀ ਉਪਰੋਕਤ ਮਿਤੀ ਤੱਕ ਆਪਣਾ ਫਾਰਮ ਭਰ ਕੇ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਿਖੇ ਜਮ੍ਹਾ ਕਰਵਾ ਸਕਦੇ ਹਨ।

ਦਿਨੇਸ਼ ਕਮਲ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਤੇ ਰਿਸ਼ਵ ਅਰੋੜਾ ਸਕੱਤਰ ਚੁਣੇ

ਫਿਲੌਰ (**ਨਿਰਮਲ**)- ਇਥੇ ਬਾਰ ਐਸੋਸੀਏਸ਼ਨ ਫਿਲੌਰ ਦੀ ਚੋਣ ਹੋਈ, ਜਿਸ ਵਿਚ ਦਿਨੇਸ਼ ਕਮਲ ਪ੍ਰਧਾਨ, ਗੌਰਵ ਕੌਂਸ਼ਲ ਮੀਤ ਪ੍ਰਧਾਨ, ਰਿਸ਼ਵ ਅਰੋੜਾ ਸਕੱਤਰ ਅਤੇ ਸੁਰਜੀਤ ਖੇਤਾਨ ਜੁਆਇੰਟ ਸਕੱਤਰ ਚੁਣੇ ਗਏ। ਚੋਣ ਦੌਰਾਨ 188 ਵਕੀਲਾਂ ਨੇ ਵੋਟਾਂ ਪਾਈਆਂ। ਐਡਵੋਕੇਟ ਦਿਨੇਸ਼ ਕਮਲ ਨੇ ਪ੍ਰਧਾਨ ਦੇ ਅਹੁਦੇ ਲਈ 118 ਵੋਟ ਪ੍ਰਾਪਤ ਕੀਤੇ, ਉਹ ਆਪਣੇ ਵਿਰੋਧੀ ਤੋਂ 49 ਵੋਟਾਂ ਦੇ ਅੰਤਰ ਨਾਲ ਅੱਗੇ ਰਹੇ ਅਤੇ 1 ਵੋਟ ਰੱਦ ਹੋ ਗਈ। ਗੌਰਵ ਨੇ ਮੀਤ ਪ੍ਰਧਾਨ ਦੇ ਅਹੁਦੇ ਲਈ 124 ਵੋਟ ਪ੍ਰਾਪਤ ਕੀਤੇ, ਉਹ ਆਪਣੇ ਵਿਰੋਧੀ ਤੋਂ 63 ਵੋਟਾਂ ਨਾਲ ਅੱਗੇ ਰਹੇ ਅਤੇ 3 ਵੋਟ ਰੱਦ ਹੋ ਗਏ। ਐਡਵੋਕੇਟ ਰਿਸ਼ਵ ਅਰੋੜਾ ਨੇ ਸਕੱਤਰ ਦੇ ਅਹੁਦੇ ਲਈ 99 ਵੋਟ ਪ੍ਰਾਪਤ ਕੀਤੇ ਉਹ ਆਪਣੇ ਵਿਰੋਧੀ ਤੋਂ 10 ਵੋਟਾਂ 'ਤੇ ਅੱਗੇ ਰਹੇ ਅਤੇ ਐਡਵੋਕੇਟ ਸੁਰਜੀਤ ਖੇਤਾਨ ਨੇ ਜੁਆਇੰਟ ਸਕੱਤਰ ਦੇ ਅਹੁਦੇ ਲਈ 118 ਵੋਟ ਪ੍ਰਾਪਤ ਕੀਤੇ, ਉਨ੍ਹਾਂ ਨੇ ਆਪਣੇ ਵਿਰੋਧੀ ਤੋਂ 49 ਵੋਟ ਵੱਧ ਪ੍ਰਾਪਤ ਕੀਤੇ ਅਤੇ 1 ਵੋਟ ਰੱਦ ਹੋ ਗਈ। ਜਿੱਤ ਦੀ ਖੁਸ਼ੀ ਵਿਚ ਜੇਤੂਆਂ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਖੂਬ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਜਸ਼ਨ ਮਨਾਏ। ਹੋਰਨਾਂ ਤੋਂ ਇਲਾਵਾ ਇਸ ਮੌਕੇ ਰਾਜ ਕੁਮਾਰ, ਨਵਲ ਕਿਸ਼ੋਰ ਗੁਪਤਾ, ਯੋਗੇਸ਼ ਗੁਪਤਾ, ਚੇਤਨ ਅੱਗਰਵਾਲ, ਰਜਿੰਦਰ ਸੰਧੂ, ਚਰਨਜੀਤ ਪੁਆਰੀ, ਸੰਜੀਵ ਡੇਰਾ, ਹਰਮੇਲ ਸਿੰਘ ਮੱਲ੍ਹੀ, ਹਰਮਿੰਦਰ ਸਿੰਘ ਢਿਲੋਂ, ਗੁਰਦੀਪ ਸਿੰਘ ਲਾਲੀ, ਮਨਜੀਤ ਕੁਮਾਰ ਗੁਰਾਇਆ, ਗੁਰਜੰਟ ਸਿੰਘ, ਪਵਨ ਕੁਮਾਰ ਅਤੇ ਅਮਰਜੀਤ ਮੱਲ (ਸਾਰੇ ਵਕੀਲ) ਹਾਜਰ ਸਨ।

ਐਡਵੋਕੇਟ ਗੌਰਵ ਨਾਗਰਾਜ ਬਣੇ ਬਾਰ ਐਸੋਸੀਏਸ਼ਨ ਨਕੋਦਰ ਦੇ ਵਾਈਸ ਪ੍ਰਧਾਨ

ਨੂਰਮਹਿਲ (**ਬਾਲ ਕ੍ਰਿਸ਼ਨ ਬਾਲੀ**) - ਬਾਰ ਐਸੋਸੀਏਸ਼ਨ ਨਕੋਦਰ ਦੀਆਂ ਚੋਣਾਂ ਦੌਰਾਨ ਐਡਵੋਕੇਟ ਗੁਰਪ੍ਰੀਤ ਸਿੰਘ ਪ੍ਰਧਾਨ ਚੁਣੇ ਗਏ ਅਤੇ ਵਾਈਸ ਪ੍ਰਧਾਨ ਦਾ ਤਾਜ ਐਡਵੋਕੇਟ ਗੌਰਵ ਨਾਗਰਾਜ ਦੇ ਸਿਰ ਸਜਿਆ। ਇਸੇ ਤਰ੍ਹਾਂ ਐਡਵੋਕੇਟ ਰਜਿੰਦਰ ਕੁਮਾਰ ਭੱਟੀ ਸੈਕਰੇਟਰੀ ਚੁਣੇ ਗਏ। ਐਡਵੋਕੇਟ ਕਮਲਜੀਤ ਸਿੰਘ ਥਿੰਦ ਅਤੇ ਐਡਵੋਕੇਟ ਪ੍ਰਮੋਦ ਸ਼ਰਮਾ, ਐਡਵੋਕੇਟ ਭੁਪਿੰਦਰ ਸਿੰਘ ਟੁਰਨਾ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਐਡਵੋਕੇਟ ਗੌਰਵ ਨਾਗਰਾਜ ਦਾ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਗਈ। ਸੀਨੀਅਰ ਐਡਵੋਕੇਟ ਕ੍ਰਿਸ਼ਨ ਕੁਮਾਰ ਖੱਟਰ , ਐਡਵੋਕੇਟ ਨਰਿੰਦਰ ਕੁਮਾਰ ਅਗਰਵਾਲ , ਐਡਵੋਕੇਟ ਅਸ਼ੋਕ ਮਿਤਲ , ਐਡਵੋਕੇਟ ਸੋਹਣ ਸਿੰਘ ਸੰਘੇੜਾ , ਐਡਵੋਕੇਟ ਐਸ.ਐਸ.ਸੰਧੂ , ਐਡਵੋਕੇਟ ਜਤਿੰਦਰ ਪੱਤੂ , ਐਡਵੋਕੇਟ ਐਸ . ਕੇ . ਮਲਹੋਤਰਾ , ਐਡਵੋਕੇਟ ਡੀ.ਐਸ. ਉਪਲ , ਐਡਵੋਕੇਟ ਭੁਪਿੰਦਰ ਸਿੰਘ ਟੁਰਨਾ , ਐਡਵੋਕੇਟ ਭੁਪਿੰਦਰਪਾਲ ਸਿੰਘ ਚਾਵਲਾ , ਐਡਵੋਕੇਟ ਵਰੁਨ ਸ਼ਰਮਾ , ਐਡਵੋਕੇਟ ਰਵੀ ਕੌਲ , ਐਡਵੋਕੇਟ ਗੁਰਪ੍ਰੀਤ ਸਿੰਘ ਝੀਤਾ, ਐਡਵੋਕੇਟ ਜਗਰੂਪ ਸਿੰਘ ਝੰਡ , ਐਡਵੋਕੇਟ ਬਲਵਿੰਦਰ ਸਿੰਘ , ਅਵਤਾਰ ਸਿੰਘ ਕਲੇਰ ਐਡਵੋਕੇਟ , ਐਡਵੋਕੇਟ ਜਗਦੀਪ ਸਿੰਘ ਮਾਨ , ਐਡਵੋਕੇਟ ਰਾਜ ਕੁਮਾਰ ਖੋਸਲਾ, ਹਰਕਿਰਤ ਸਿੰਘ ਉੱਪਲ , ਐਡਵੋਕੇਟ ਸੁਖਦੇਵ ਸਿੰਘ ਸੰਧੂ, ਐਡਵੋਕੇਟ ਪ੍ਰਤੀਕ ਸਿੰਘ , ਐਡਵੋਕੇਟ ਸਾਹੀਲ ਸਹੋਤਾ, ਐਡਵੋਕੇਟ ਰਣਵੀਰ ਸਹੋਤਾ, ਐਡਵੋਕੇਟ ਅਜੀਤ ਸਿੰਘ ਧਾਰੀਵਾਲ ਨੇ ਨਵੀਂ ਚੁਣੀ ਟੀਮ ਨੂੰ ਵਧਾਈ ਦਿੱਤੀ।

ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਨੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ

ਨਵਾਂ ਸਹਿਰ (**ਕੁਲਵਿੰਦਰ ਸਿੰਘ ਦੁਰਗਾਪੁਰੀਆ**) ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੱਦੇ 'ਤੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਸਾਹਮਣੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ ਗਿਆ। ਇਸ ਸਮੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੁਲਦੀਪ ਸਿੰਘ ਦੌੜਕਾ, ਕਰਨੈਲ ਸਿੰਘ ਰਾਹੋਂ, ਜੀਤ ਲਾਲ ਗੋਹਲੜੋਂ, ਨਰਿੰਦਰ ਮਹਿਤਾ, ਸੰਜੀਵ ਕੁਮਾਰ, ਮੋਹਣ ਸਿੰਘ ਪੂਨੀਆਂ, ਅਮਨਦੀਪ ਕੌਰ, ਸੋਮ ਲਾਲ, ਵਿਜੇ ਕੁਮਾਰ, ਸੁੱਖ ਰਾਮ, ਜਸਵਿੰਦਰ ਸਿੰਘ ਔਜਲਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਵਿਸ਼ਵਾਸ਼ਘਾਤ ਕਰ ਰਹੀ ਹੈ। ਜਦੋਂ ਕਿ ਚੋਣਾਂ ਤੋਂ ਪਹਿਲਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸਾਰੇ ਮਸਲੇ ਕੈਬਨਿਟ ਦੀ ਪਹਿਲੀ ਹੀ ਮੀਟਿੰਗ 'ਚ ਹੱਲ ਕਰਨ ਦਾ ਵਾਅਦਾ ਕੀਤਾ ਗਿਆ ਸੀ। ਉਨ੍ਹਾਂ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ ਯੂਨੀਅਨ ਦੇ ਸੱਦੇ ਤੇ 8 ਨਵੰਬਰ ਤੋਂ ਲਗਾਤਾਰ ਚਲ ਰਹੀ ਹੜਤਾਲ ਦਾ ਸਮਰਥਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁਲਾਜਮਾਂ ਦੀਆਂ ਮੰਗਾਂ ਮੰਨਣ ਦੀ ਬਜਾਏ ਗੱਲਬਾਤ ਕਰਨ ਤੋਂ ਵੀ ਭੱਜ ਰਹੀ ਹੈ। ਉਨ੍ਹਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਸਰਕਾਰ ਦੀਆਂ ਇਨ੍ਹਾਂ ਵਾਅਦਾ ਖਿਲਾਫੀਆਂ ਵਿਰੁੱਧ ਜਨਵਰੀ ਫਰਵਰੀ 'ਚ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਦੇ ਘਰਾਂ ਦੇ ਘਿਰਾਓ ਕਰਨ ਦੇ ਸਾਂਝੇ ਸੰਘਰਸ਼ਾਂ 'ਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇਸ ਸਮੇਂ ਅਸ਼ੋਕ ਕੁਮਾਰ, ਮਨਜੀਤ ਕੌਰ, ਤੀਰਥ ਰਾਮ, ਸੋਹਣ ਸਿੰਘ, ਕਸ਼ਮੀਰ ਸਿੰਘ, ਰਾਮ ਪਾਲ, ਪਰਮਿੰਦਰ ਸੰਧੂ, ਜੋਗਾ ਸਿੰਘ, ਕੁਲਵਿੰਦਰ ਸਿੰਘ, ਆਤਮਾ ਰਾਮ, ਬਗੀਚਾ ਸਿੰਘ ਰੱਕੜ, ਮਨੋਹਰ ਲਾਲ, ਕੁਲਬੀਰ ਕੁਮਾਰ, ਕੁਲਦੀਪ ਮੰਗਾਂ, ਜਗਦੀਸ਼ ਰਾਮ, ਬੇਰੀ ਸਾਹਿਬ, ਧਰਮ ਪਾਲ, ਸੋਮ ਨਾਥ, ਮੋਹਣ ਲਾਲ, ਜਰਨੈਲ ਸਿੰਘ, ਨਿਰਮਲ ਦਾਸ, ਦੀਦਾਰ ਸਿੰਘ, ਹਰਭਜਨ ਸਿੰਘ ਭਾਵੜਾ, ਰਾਮ ਪ੍ਰਕਾਸ਼, ਰਾਮ ਲੁਭਾਇਆ, ਸਮਸੇਰ ਸਿੰਘ, ਅਵਤਾਰ ਚੰਦ, ਤਰਲੋਕ ਚੰਦ, ਦੇਵ ਰਾਜ, ਰੂੜ ਸਿੰਘ, ਪਰਮਜੀਤ ਸਿੰਘ, ਗੁਰਨਾਮ, ਜੋਗਾ ਸਿੰਘ ਆਦਿ ਹਾਜ਼ਰ ਸਨ।

ਪ੍ਰਾਈਵੇਟ ਕਾਲਜ ਨਾਨ ਟੀਚਿੰਗ ਇੰਪਲਾਈਜ਼ ਯੂਨੀਅਨ ਵੱਲੋਂ ਧਰਨਾ

ਮੋਹਾਲੀ (**ਗੁਰਜੀਤ ਬਿੱਲਾ**)-ਪ੍ਰਾਈਵੇਟ ਕਾਲਜ ਨਾਨ ਟੀਚਿੰਗ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ 6ਵੇਂ ਤਨਖ਼ਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਨਾ ਕਰਨ ਦੇ ਰੋਸ ਵਿਚ ਮੁਹਾਲੀ ਡੀ ਪੀ ਆਈ ਕਾਲਜਾਂ ਪੰਜਾਬ ਦਫ਼ਤਰ ਦੇ ਗੇਟਾਂ ਅੱਗੇ ਧਰਨਾ ਦਿੱਤਾ ਗਿਆ।

ਇਸ ਮੌਕੇ ਸੈਂਕੜਿਆਂ ਦੀ ਗਿਣਤੀ 'ਚ ਇਕੱਠੇ ਹੋਏ ਪ੍ਰਾਈਵੇਟ ਕਾਲਜ ਦੇ ਨਾਨ ਟੀਚਿੰਗ ਸਟਾਫ਼ ਵਲੋਂ ਡੀ ਪੀ ਆਈ ਕਾਲਜਾਂ, ਪੰਜਾਬ ਸਰਕਾਰ ਤੇ ਵਿੱਤ ਵਿਭਾਗ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆ ਯੂਨੀਅਨ ਪ੍ਰਧਾਨ ਰਾਜੀਵ ਸ਼ਰਮਾ, ਜਨਰਲ ਸਕੱਤਰ ਜਗਦੀਪ ਸਿੰਘ, ਸਵਿੰਦਰ ਸਿੰਘ ਗੋਲਾ, ਰਵੀ ਮੈਣੀ, ਦੀਪਕ ਸ਼ਰਮਾ, ਮੈਡਮ ਨਿਰਮਲ ਕੌਰ, ਅਮਰੀਕ ਸਿੰਘ ਰਾਜਲਾ, ਪ੍ਰੇਮ ਸਿੰਘ ਸੁਪਰਡੈਂਟ ਨੇ ਕਿਹਾ ਕਿ ਸੂਬਾ ਸਰਕਾਰ ਨੇ 1 ਸਤੰਬਰ 1978 ਵਿੱਚ ਪੇ-ਪੈਰਿਟੀ ਸੰਬੰਧੀ ਇਹ ਐਲਾਨ ਕੀਤਾ ਸੀ ਕਿ ਸਰਕਾਰੀ ਕਾਲਜਾਂ ਦੇ ਨਾਨ ਟੀਚਿੰਗ ਸਟਾਫ਼ ਦੀ ਤਰਜ਼ 'ਤੇ ਹੀ ਸਹਾਇਤਾ ਪ੍ਰਾਪਤ ਕਾਲਜਾਂ ਦੇ ਕਰਮਚਾਰੀਆ

17-DEC-PAGE-8.qxd 12/16/2023 11:02 PM Page 1

ਗੁ: ਸਿੰਘ ਸ਼ਹੀਦਾਂ ਸੋਹਾਣਾ ਵਿਖੇ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਦਾ ਜਨਮ ਦਿਹਾੜਾ ਮਨਾਇਆ

ਐੱਸ. ਏ. ਐੱਸ. ਨਗਰ (ਗੁਰਜੀਤ ਬਿੱਲਾ)- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿੱਚ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚੌਥੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ । ਜਨਮ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਗੁਰਮੇਲ ਸਿੰਘ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਬਾਬਾ ਫਤਹਿ ਸਿੰਘ ਜੀ ਦਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਸਰਵਣ ਕਰਵਾਉਂਦੇ ਹੋਏ ਦਸਿੱਆ ਕਿ ਬਾਬਾ ਫਤਿਹ ਸਿੰਘ ਜੀ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋ ਸੰਨ 1699ਈ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਬੀਬੀ ਹਰਜਿੰਦਰ ਕੌਰ ਦੇ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ । ਭਾਈ ਸੰਦੀਪ ਸਿੰਘ ਸ਼੍ਰੋਮਣੀ ਪ੍ਰਚਾਰਕ ਸ੍ਰੀ ਅਨੰਦੁਪਰ ਸਾਹਿਬ ਵਾਲਿਆਂ ਨੇ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ ਵੱਲੋਂ ਛੋਟੀ ਉਮਰੇ ਸਮੇਂ ਦੀ ਜਾਲਮ ਮੁਗਲ ਹਕੂਮਤ ਦੇ ਜਬਰ ਅਤੇ ਜੁਲਮ ਖਿਲਾਫ ਸਰਹਿੰਦ ਵਿਖੇ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਦੇਣ ਦੇ ਪ੍ਰਸੰਗ ਨੂੰ ਸੰਗਤਾਂ ਨੂੰ ਵਿਸਥਾਰ ਸਹਿਤ ਜਾਣੂੰ ਕਰਾਇਆ। ਇਸ ਤੋਂ ਇਲਾਵਾ ਸ਼ੇਰੇ ਪੰਜਾਬ ਕਵੀਸ਼ਰੀ ਜੱਥਾ, ਭਾਈ ਬਹਾਦਰ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਭਗੜਾਨੇ ਵਾਲਿਆਂ ਦਾ ਕਵੀਸ਼ਰੀ ਜਥਾ, ਭਾਈ ਗੁਰਿਦਰ ਸਿੰਘ, ਭਾਈ ਹਰਏਕਮ ਜੋਤ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਰਾਜਵਿੰਦਰ ਸਿੰਘ ਸਮਰਾਲੇ ਵਾਲੇ, ਭਾਈ ਹਰਬੀਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ ਅਤੇ ਭਾਈ ਸੁਖਵਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਹਜ਼ਾਰਾਂ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਗੁਰੂ ਕਾ ਲੰਗਰ ਇਸ ਮੌਕੇ ਅਤੁੱਟ ਵਰਤਾਇਆ ਗਿਆ ।

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ 'ਚ ਮਾਪੇ-ਅਧਿਆਪਕ ਮਿਲਣੀ

ਭਲਾਣ, (ਹਰਭਜਨ ਢਿੱਲੋਂ) ਮੁੱਖ ਮੰਤਰੀ .ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਦੀ ਰਹਿਨੁਮਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਖੇੜਾ ਕਲਮੋਟ ਵਿਖੇ ਮਾਪੇ- ਅਧਿਆਪਕ ਮਿਲਣੀ ਅਯੋਜਨ ਬਹੁਤ ਹੀ ਸਫਲਤਾ ਪੂਰਵਕ ਮੁਕੰਮਲ ਹੋਇਆ। ਅਧਿਆਪਕਾਂ ਨੇ ਮਾਪਿਆ ਨੂੰ ਉਹਨਾਂ ਦੇ ਬੱਚਿਆਂ ਦੀ ਕਾਰਗੁਜਾਰੀ ਅਤੇ ਭਵਿੱਖ ਵਿੱਚ ਵਿਦਿਆਰਥੀਆ ਲਈ ਪੰਜਾਬ ਸਰਕਾਰ ਵੱਲੋਂ ਲਏ ਜਾ ਰਹੇ ਸ਼ਲਾਘਾਯੋਗ ਫੈਸਲਿਆਂ ਬਾਰੇ ਵੀ ਜਾਣੂ ਕਰਵਾਇਆ। ਕਾਰਜਕਾਰੀ ਪ੍ਰਿੰਸੀਪਲ ਪ੍ਰੇਮ ਕੁਮਾਰ ਧੀਮਾਨ ਨੇ ਦੱਸਿਆ ਕਿ ਵਿਦਿਆਰਥੀਆਂ ਬਾਰੇ ਮਾਪਿਆਂ ਨੂੰ ਬਹੁਤ ਵਧੀਆ ਢੰਗ ਨਾਲ ਜਾਣੂ ਕਰਾਇਆ ਗਿਆ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਿੱਖਿਆ ਮੰਤਰੀ ਨੇ ਸਕੂਲਾਂ ਨੂੰ ਬਿਹਤਰੀਨ ਬਣਾਉਣ ਲਈ ਹਰ ਸੰਭਵ ਉਪਰਾਲਾ ਕੀਤਾ ਹੈ ਅਤੇ ਰਾਤ ਦਿਨ ਮਿਹਨਤ ਕਰਕੇ ਸਕੂਲਾਂ ਵਿੱਚ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾ ਰਹੇ ਹਨ। ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਕਾਰਗੁਜਾਰੀ ਨੂੰ ਮੋਨੀਟਰ ਕਰਨ ਲਈ ਵੀ ਕਿਹਾ। ਇਸ ਮੌਕੇ ਸਕੂਲ ਮੈਨੇਜਿੰਗ ਕਮੇਟੀ ਅਹੁਦੇਦਾਰਾਂ ਤੋਂ ਇਲਾਵਾ ਸਮਾਜ ਸੇਵੀ ਰਾਮਪਾਲ ਸਮੇਤ ਵੱਡੀ ਗਿਣਤੀ 'ਚ ਮਾਪੇ ਹਾਜਰ ਸਨ।

ਮਨਦੀਪ ਔਲਖ ਮਾਤਾ ਪ੍ਰੀਤਮ ਕੌਰ ਕਲਹਰ ਐਵਾਰਡ ਨਾਲ ਸਨਮਾਨਤ

ਜਲੰਧਰ (ਕੇਸਰ)-ਸਾਹਿਤ ਕਲਾ ਕੇਂਦਰ ਵਲੋਂ ਇਸ ਸਾਲ ਦਾ ਮਾਤਾ ਪ੍ਰੀਤਮ ਕੌਰ ਕਲਹਰ ਯਾਦਗਾਰੀ ਇਨਾਮ ਪੰਜਾਬੀ ਦੀ ਚਰਚਿਤ ਕਵਿਤਰੀ ਪ੍ਰੋਫੈਸਰ ਮਨਦੀਪ ਕੌਰ ਔਲਖ ਨੂੰ ਦਿੱਤਾ ਗਿਆ। ਕੇਂਦਰ ਦੇ ਪ੍ਰਧਾਨ ਡਾ ਗੋਪਾਲ ਸਿੰਘ ਬੁੱਟਰ ਨੇ ਦੱਸਿਆ ਕਿ ਸਾਲ 2023 ਦੇ ਇਸ ਇਨਾਮ ਸੰਬੰਧੀ ਚੋਣ ਹਰ ਸਾਲ ਵਾਂਗ ਹੀ ਹਰ ਲਿਹਾਜ ਨਾਲ ਨਿਰਪੱਖ ਤੇ ਨਿਰੋਲ ਕਲਾਤਮਿਕ ਬੁਲੰਦੀ ਦੇ ਆਧਾਰ 'ਤੇ ਕੀਤੀ ਗਈ ਹੈ। ਕਵਿਤਰੀ ਮਨਦੀਪ ਔਲਖ ਅਜੋਕੇ ਦੌਰ ਦੀ ਸਿਰਕੱਢ ਸੰਵੇਦਨਸ਼ੀਲ ਅਤੇ ਸੂਖਮਭਾਵੀ ਸ਼ਾਇਰਾ ਹੈ। ਉਸਨੇ ਪੰਜਾਬੀ ਕਵਿਤਾ ਨੂੰ ਨਿਵੇਕਲਾ ਕਾਵਿ ਮੁਹਾਵਰਾ ਪ੍ਰਦਾਨ ਕੀਤਾ ਹੈ। ਸਮਾਗਮ ਵਿੱਚ ਡਾਕਟਰ ਜਸਪਾਲ ਸਿੰਘ ਪ੍ਰਿੰਸੀਪਲ ਲਾਇਲਪੁਰ ਖਾਲਸਾ ਕਾਲਜ ਜਲੰਧਰ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਪ੍ਰਧਾਨਗੀ ਮੰਡਲ ਵਿੱਚ ਉਨ੍ਹਾਂ ਅਤੇ ਸਨਮਾਨਤ ਕਵਿਤਰੀ ਪ੍ਰੋ.ਮਨਦੀਪ ਔਲਖ ਨਾਲ ਪ੍ਰੋ.ਹਰਜਿੰਦਰ ਸਿੰਘ ਅਟਵਾਲ ਇੰਜ.ਸੀਤਲ ਸਿੰਘ ਸੰਘਾ ਮੰਚ 'ਤੇ ਸੁਸੋਭਿਤ ਹੋਏ। ਸਨਮਾਨਤ ਹਸਤੀ ਦੀ ਸਾਹਿਤੀ ਬਾਰੇ ਸੁਖਜਿੰਦਰ ਸਿੰਘ ਵਿਚਾਰ ਚਰਚਾ ਕਰਦਿਆਂ ਮਨਦੀਪ ਔਲਖ ਦੇ ਅੰਦਾਜ-ਇ-ਬਿਆਨ ਦੀ ਵਿਲੱਖਣਤਾ ਬਾਰੇ ਜਾਣਕਾਰੀ ਦਿੱਤੀ। ਸਨਮਾਨ ਦੀ ਰਸਮ ਤੋਂ ਇਲਾਵਾ ਕਵੀ ਪ੍ਰਮੋਦ ਕਾਫਿਰ, ਜਗਵਿੰਦਰ ਜੋਧਾ, ਹਰਬੰਸ ਸਿੰਘ ਅਕਸ, ਜਗਦੀਸ਼ ਰਾਣਾ,ਅਣੀ ਕਾਠਗੜ੍ਹ, ਜਰਨੈਲ ਸਿੰਘ ਸਾਖੀ, ਜਸਪਾਲ ਜੀਰਵੀ, ਮਨੋਹਰ ਖਹਿਰਾ, ਨਰਿੰਦਰ ਪਾਲ ਸਿੰਘ ਕੰਗ,ਕਲਹਰ ਅਤੇ ਰਾਮ ਲਾਲ ਮਲਹੋਤਰਾ ਨੇ ਆਪਣਾ ਕਲਾਮ ਪ੍ਰਸਤੁਤ ਕੀਤਾ । ਮਨਦੀਪ ਨੇ ਆਪਣੀਆਂ ਚੁਨਿੰਦਾ ਰਚਨਾਵਾਂ ਪ੍ਰਸਤੁਤ ਕਰ ਕੇ ਸਮਾਂ ਬੰਨ੍ਹ ਦਿੱਤਾ। ਪ੍ਰਿੰਸੀਪਲ ਡਾਕਟਰ ਜਸਪਾਲ ਸਿੰਘ ਅਤੇ ਪ੍ਰੋ ਹਰਜਿੰਦਰ ਸਿੰਘ ਅਟਵਾਲ ਨੇ ਆਪਣੇ ਸੰਬੋਧਨ ਵਿਚ ਸਾਹਿਤ ਕਲਾ ਕੇਂਦਰ ਅਤੇ ਸਨਮਾਨਤ ਕਵਿਤਰੀ ਨੂੰ ਵਧਾਈ ਦਿੱਤੀ। ਸਮਾਗਮ ਦਾ ਮੰਚ ਸੰਚਾਲਨ ਕੇਂਦਰ ਦੇ ਪ੍ਰਧਾਨ ਡਾ. ਗੋਪਾਲ ਸਿੰਘ ਬੁੱਟਰ ਨੇ ਕੀਤਾ।

ਖੇੜਾ ਠੱਕਰਵਾਲ ਵਿਖੇ ਸੰਤ ਬਾਬਾ ਦੂਲਾ ਸਿੰਘ ਦੀ ਯਾਦ 'ਚ ਗੁਰਮਤਿ ਸਮਾਗਮ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਖੇੜਾ ਠੱਕਰਵਾਲ ਵਿਖੇ ਡੇਰਾ ਸੰਤ ਬਾਬਾ ਦੂਲਾ ਸਿੰਘ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਧੰਨ ਧੰਨ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਜੀ ਦੀ ਯਾਦ ਵਿੱਚ ਮਹਾਨ ਗੁਰਮਤਿ ਸਮਾਗਮ 17 ਦਸੰਬਰ ਨੂੰ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਜਸਵੰਤ ਸਿੰਘ ਖੇੜਾ ਦੀ ਅਗਵਾਈ ਹੇਠ ਸਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਸੰਤ ਬਾਬਾ ਹਰਕ੍ਰਿਸਨ ਸਿੰਘ ਸੋਢੀ ਠੱਕਰਵਾਲ, ਸੰਤ ਬਾਬਾ ਜਸਵੰਤ ਸਿੰਘ ਖੇੜਾ ਠੱਕਰਵਾਲ, ਭਾਈ ਪਰਮਜੀਤ ਸਿੰਘ ਮਾਹਿਲਪੁਰ, ਭਾਈ ਰਣਵੀਰ ਸਿੰਘ ਠੱਕਰਵਾਲ, ਭਾਈ ਸਤਨਾਮ ਸਿੰਘ ਭੁੰਗਰਨੀ ਤੋਂ ਹੋਰ ਪੰਥ ਪ੍ਰਸਿੱਧ ਰਾਗੀ ਢਾਡੀ ਕਵੀਸ਼ਰੀ ਜਥੇ ਪ੍ਰਚਾਰਕ ਸੰਗਤਾਂ ਨੂੰ ਨਿਹਾਲ ਕਰਨਗੇ। ਚਾਹ ਪਕੌੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

ਸ਼ਹੀਦ ਹੋਏ ਹੋਮਗਾਰਡ ਦੇ ਜਵਾਨ ਜਸਪਾਲ ਸਿੰਘ ਦਾ ਪਰਵਾਰ ਸਰਕਾਰੀ ਸਹਾਇਤਾ ਦੀ ਉਡੀਕ 'ਚ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਪਵਿੱਤਰ ਸ਼ਹਿਰ ਸੁਲਤਾਨਪੁਰ ਲੋਧੀ ਵਿਖੇ ਗੁਰਦੁਆਰਾ ਆਕਾਲ ਬੁੰਗਾ ਸਾਹਿਬ ਵਿਖੇ ਪਿਛਲੇ ਮਹੀਨੇ 23 ਨਵੰਬਰ 2023 ਨੂੰ ਵਾਪਰੀ ਘਟਨਾ ਦੌਰਾਨ ਗੋਲੀ ਲੱਗਣ ਨਾਲ ਸ਼ਹੀਦ ਹੋਏ ਪੰਜਾਬ ਹੋਮ ਗਾਰਡ ਦੇ ਜਵਾਨ ਜਸਪਾਲ ਸਿੰਘ ਦੇ ਪਰਵਾਰ ਦੀ ਪੰਜਾਬ ਸਰਕਾਰ ਨੇ ਹਾਲੇ ਤੱਕ ਕੋਈ ਸਾਰ ਨਹੀਂ ਲਈ। ਇਹ ਸ਼ਬਦ ਪਰਵਾਰਕ ਮੈਂਬਰਾਂ ਨੇ ਕਹੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ਼ਹੀਦ ਦੇ ਪਰਵਾਰ ਨੂੰ ਐਲਾਨੀ ਗਈ ਇੱਕ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ, ਇੱਕ ਕਰੋੜ ਰੁਪਏ ਦੀ ਬੀਮਾ ਰਾਸ਼ੀ ਅਤੇ ਜਸਪਾਲ ਸਿੰਘ ਦੇ ਇੱਕ ਪੁੱਤਰ ਨੂੰ ਨੌਕਰੀ ਦੇਣ ਦੇ ਦਾਅਵੇ ਖੋਖਲੇ ਸਾਬਤ ਹੋ ਰਹੇ ਹਨ ਜੋ ਕਰੀਬ ਇੱਕ ਮਹੀਨਾ ਬੀਤ ਜਾਣ ਤੋਂ ਬਾਅਦ ਵੀ ਪੂਰੇ ਹੁੰਦੇ ਨਹੀਂ ਨਜਰ ਆ ਰਹੇ। ਜਸਪਾਲ ਸਿੰਘ ਦੀ ਸ਼ਹੀਦੀ ਨੂੰ ਲਗਭਗ ਇੱਕ ਮਹੀਨਾ ਬੀਤ ਜਾਣ ਦੇ ਬਾਵਜੂਦ ਹਾਲੇ ਤੱਕ ਕੋਈ ਵੀ ਸਿਵਲ ਜਾਂ ਪ੍ਰਸ਼ਾਸਨਿਕ ਅਧਿਕਾਰੀ ਮਦਦ ਲੈ ਕੇ ਜਸਪਾਲ ਸਿੰਘ ਦੇ ਪਰਵਾਰ ਤੱਕ ਨਹੀਂ ਪੁੱਜਾ। ਜਸਪਾਲ ਸਿੰਘ ਦੀ ਪਤਨੀ ਕਮਲੇਸ਼ ਨੇ ਦੱਸਿਆ ਕਿ ਜਸਪਾਲ ਸਿੰਘ ਦੀ ਅੰਤਿਮ ਅਰਦਾਸ ਮੌਕੇ ਪੁੱਜੇ ਪੰਜਾਬ ਪੁਲਿਸ ਤੇ ਸਿਵਿਲ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਵੱਲੋਂ ਉਨਾਂ ਨੂੰ ਸਿਰਫ 50 ਹਜਾਰ ਰੁਪਏ ਨਗਦ ਅਤੇ 50 ਹਜਾਰ ਰੁਪਏ ਉਨਾਂ ਦੇ ਅਕਾਊਂਟ ਵਿੱਚ ਭੇਜੇ ਗਏ ਸਨ ਜਦਕਿ ਮੁੱਖ ਮੰਤਰੀ ਵੱਲੋਂ ਐਲਾਨੀ ਗਈ ਸਹਾਇਤਾ ਰਾਸ਼ੀ ਉਨਾਂ ਨੂੰ ਅਜੇ ਤੱਕ ਪ੍ਰਾਪਤ ਨਹੀਂ ਹੋਈ। ਉਨਾਂ ਨੇ ਦੱਸਿਆ ਕਿ ਉਨਾਂ ਦਾ ਪੁੱਤਰ ਗੁਰਪ੍ਰੀਤ ਸਿੰਘ ਅਤੇ ਵਿਸ਼ਾਲ ਰੋਜ਼ਗਾਰ ਦੀ ਭਾਲ ਵਿੱਚ ਹਨ ਜਦਕਿ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਇੱਕ ਪੁੱਤਰ ਨੂੰ ਨੌਕਰੀ ਦੇਣ ਦਾ ਵਾਅਦਾ ਕੀਤਾ ਗਿਆ ਸੀ। ਉਨਾਂ ਕਿਹਾ ਕਿ ਉਹ ਕਈ ਵਾਰ ਉੱਚ ਅਧਿਕਾਰੀਆਂ ਨਾਲ ਫੋਨ 'ਤੇ ਸੰਪਰਕ ਕਰ ਚੁੱਕੇ ਹਨ ਅਤੇ ਫੋਨ 'ਤੇ ਇਹੋ ਜਵਾਬ ਮਿਲਦਾ ਹੈ ਕਿ ਉਨਾਂ ਦੀਆਂ ਫਾਈਲਾਂ ਤਿਆਰ ਹਨ ਅਤੇ ਜਲਦੀ ਹੀ ਸਾਰੀ ਕਾਰਵਾਈ ਮੁਕੰਮਲ ਕਰ ਲਈ ਜਾਵੇਗੀ। ਉਨਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਜਲਦੀ ਤੋਂ ਜਲਦੀ ਐਲਾਨੀ ਗਈ ਰਾਸ਼ੀ ਅਤੇ ਉਨਾਂ ਦੇ ਪੁੱਤਰ ਨੂੰ ਨੌਕਰੀ ਦੇਣ ਦਾ ਤਰੱਈਆ ਕਰੇ ਤਾਂ ਜੋ ਉਹ ਆਪਣੇ ਪਰਵਾਰ ਨੂੰ ਪਾਲ ਸਕੇ।

ਸਿਹਤ ਟੀਮ ਨੇ ਆਂਗਣਵਾੜੀ ਕੇਂਦਰ 'ਚ ਬੱਚਿਆਂ ਦਾ ਕੀਤਾ ਚੈੱਕਅੱਪ

ਫੋਟੋ : ਸੁਖਜੀਤ ਭਾਟੀਆ

ਬਲਾਚੌਰ (ਸੁਭਾਸ਼ ਭਾਟੀਆ) ਸਬ ਡਿਵੀਜਨਲ ਹਸਪਤਾਲ ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਦੇ ਨਿਰਦੇਸ਼ਾਂ 'ਤੇ ਆਰ. ਬੀ.ਐਸ.ਕੇ ਟੀਮ ਵੱਲੋਂ ਕਾਠਗੜ੍ਹ ਦੇ ਆਂਗਨਵਾੜੀ ਕੇਂਦਰ ਵਿੱਚ 0 ਤੋਂ 6 ਸਾਲ ਦੇ ਬੱਚਿਆਂ ਦਾ ਚੈਕਅੱਪ ਕੀਤਾ ਗਿਆ।

ਟੀਮ ਦੀ ਡਾ. ਰੇਨੂੰ ਸੈਣੀ ਨੇ ਬੱਚਿਆਂ ਦੇ ਚੈਕਅਪ ਦੌਰਾਨ ਜਮਾਂਦਰੂ ਸਮੱਸਿਆਵਾਂ, ਸਰੀਰਕ ਵਾਧੇ, ਹਾਈਟ-ਵੇਟ, ਪਲਸ ਪੋਲੀਓ, ਮੰਥਲੀ ਖੁਰਾਕ ਆਦਿ ਸਬੰਧੀ ਹਰ ਤਰ੍ਹਾਂ ਨਾਲ ਜਾਂਚ ਕੀਤੀ। ਉਹਨਾਂ ਬੱਚਿਆਂ ਦੀਆਂ ਮਾਵਾਂ ਨੂੰ ਬੱਚਿਆਂ ਦੀ ਖੁਰਾਕ ਤੇ ਸਾਫ ਸਫਾਈ ਵੱਲ ਖਾਸ ਧਿਆਨ ਦੇਣ 'ਤੇ ਜੋਰ ਦਿੰਦਿਆਂ ਕਿਹਾ ਕਿ ਜੇਕਰ ਬੱਚਾ ਜਨਮ ਤੋਂ ਹੀ ਤੰਦਰੁਸਤ ਤੇ ਸਿਹਤਮੰਦ ਹੋਵੇਗਾ ਤਾਂ ਉਸ ਦਾ ਮਾਨਸਿਕ ਤੇ ਸਰੀਰਕ ਵਿਕਾਸ ਵਧੀਆ ਹੋਵੇਗਾ। ਇਸ ਦੌਰਾਨ ਉਹਨਾਂ ਬੱਚਿਆਂ ਨੂੰ ਮੰਥਲੀ ਖੁਰਾਕ ਵੀ ਵੰਡੀ।

ਇਸ ਮੌਕੇ ਟੀਮ ਵਿੱਚ ਡਾ. ਰੇਨੂੰ ਸੈਣੀ ਤੋਂ ਇਲਾਵਾ ਓਂਕਾਰ ਰਾਏ ਫਾਰਮਾਸਿਸਟ, ਆਂਗਨਵਾੜੀ ਵਰਕਰ ਸੀਤਲ ਅਨੰਦ ਤੇ ਹੈਲਪਰ ਪਰਮਜੀਤ ਕੌਰ ਵੀ ਹਾਜਰ ਸਨ।

ਬਸਪਾ ਨੇ ਲਧਾਣਾ ਉੱਚਾ ਵਿਖੇ ਲਗਾਇਆ ਅਣਖ ਜਗਾਓ ਵਰਕਰ ਕੇਡਰ ਕੈਂਪ

ਬਹਿਰਾਮ (ਅਵਤਾਰ ਕਲੇਰ) ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਪ੍ਰੀ ਨਿਰਵਾਣ ਦਿਵਸ ਨੂੰ ਸਮਰਪਿਤ ਤੇ ਪੰਜਾਬ ਭਰ ਸ਼ੁਰੂ ਕੀਤੀ ਮੁਹਿਮ ਅਣਖ ਜਗਾਓ ਮੁਹਿਮ ਤਹਿਤ ਬੰਗਾ ਹਲਕੇ ਦੇ ਪਿੰਡ ਲਧਾਣਾ ਉੱਚਾ ਵਿਖੇ ਪ੍ਰਵੀਨ ਬੰਗਾ ਜਨਰਲ ਸਕੱਤਰ ਬਸਪਾ ਪੰਜਾਬ ਅਤੇ ਹਲਕਾ ਇੰਚਾਰਜ ਹਲਕਾ ਬੰਗਾ ਦੀ ਅਗਵਾਈ ਵਿੱਚ ਵਿਸ਼ਾਲ ਇਕੱਠ ਕੀਤਾ ਗਿਆ। ਕੈਂਪ ਨੂੰ ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜੀ , ਡਾ. ਨਛੱਤਰ ਪਾਲ ਵਿਧਾਇਕ ਨਵਾਂਸ਼ਹਿਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿਹੜੀਆਂ ਕੌਮਾਂ ਆਪਣੇ ਮਹਾਂਪੁਰਸ਼ਾਂ ਦੇ ਅੰਦੋਲਨ ਤੇ ਕੁਰਬਾਨੀਆਂ ਨੂੰ ਮਨੋਂ ਭੁਲਾ ਦਿੰਦੀਆਂ ਹਨ ਉਨ੍ਹਾਂ ਦਾ ਇਤਿਹਾਸ ਲੋਕਾਂ ਦੇ ਦਿਮਾਗ ਵਿਚੋਂ ਖਤਮ ਹੋ ਜਾਂਦਾ ਹੈ ਤੇ ਉਹ ਗੁਲਾਮ ਹੋਣ ਤੋਂ ਬਾਅਦ ਉਨ੍ਹਾਂ ਦੀ ਅਣਖ ਮਰ ਜਾਂਦੀ ਹੈ। ਬਸਪਾ ਬਾਬਾ ਸਾਹਿਬ ਡਾ ਅੰਬੇਡਕਰ ਜੀ ਸੁਪਨਿਆਂ ਦਾ ਭਾਰਤ ਬਣਾਉਣ ਲਈ ਸਮਾਜ ਦੀ ਅਣਖ ਜਗਾਉਣ ਲਈ ਜਿਹੜਾ ਕੰਮ ਕਾਸ਼ੀ ਰਾਮ ਨੇ ਕੀਤਾ ਸੀ ਉਹੀ ਹੋਕਾ ਭੈਣ ਕੁਮਾਰੀ ਮਾਇਆਵਤੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਦੀ ਅਗਵ

17-DEC-PAGE-9.qxd 12/16/2023 11:02 PM Page 1

ਦਿਨੋਂ ਦਿਨ ਭਿਆਨਕ ਹੁੰਦੀ ਜਾ ਰਹੀ ਹੈ ਭਿੱਖੀਵਿੰਡ 'ਚ ਟ੍ਰੈਫਿਕ ਦੀ ਸਮੱਸਿਆ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਿੱਖੀਵਿੰਡ 'ਚ ਟ੍ਰੈਫਿਕ ਦੀ ਸਮੱਸਿਆ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ, ਜਿਸ ਕਾਰਨ ਸ਼ਹਿਰ ਵਾਸੀਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ਹਿਰ 'ਚ ਹਰ ਰੋਜ਼ ਮੋਟਰਸਾਈਕਲਾਂ, ਗੱਡੀਆਂ, ਟਰਾਲੀ-ਟਰੈਕਟਰਾਂ ਅਤੇ ਬੱਸਾਂ ਦੀਆਂ ਲੰਮੀਆਂ ਕਤਾਰਾਂ ਦੇਖਣ ਨੂੰ ਮਿਲਦੀਆਂ ਹਨ। ਕਥਿਤ ਤੌਰ 'ਤੇ ਟ੍ਰੈਫਿਕ ਨੂੰ ਰੈਗੂਲੇਟ ਕਰਨ ਲਈ ਤਾਇਨਾਤ ਕੀਤੇ ਗਏ ਮੁਲਾਜ਼ਮ ਜ਼ਿਆਦਾਤਰ ਚੌਕ ਵਿੱਚ ਮੌਜੂਦ ਹੀ ਨਹੀਂ ਹੁੰਦੇ। ਇੱਥੇ ਇਹ ਦੱਸਣਾ ਬੇਹੱਦ ਜ਼ਰੂਰੀ ਹੈ ਕਿ ਟ੍ਰੈਫਿਕ ਜਾਮ ਹੋਣ ਦਾ ਮੁੱਖ ਕਾਰਨ ਸ਼ਹਿਰ ਦੇ ਦੁਕਾਨਦਾਰਾਂ ਅਤੇ ਰੇਹੜੀ ਵਾਲਿਆਂ ਦੁਆਰਾ ਅੱਧੀ ਸੜਕ 'ਤੇ ਕੀਤਾ ਹੋਇਆ ਕਬਜ਼ਾ ਹੈ। ਇਸ ਤੋਂ ਇਲਾਵਾ ਨੇੜਲੇ ਪਿੰਡਾਂ ਤੋਂ ਖਰੀਦੋ ਫਰੋਖਤ ਲਈ ਸ਼ਹਿਰ ਆਉਣ ਵਾਲੇ ਲੋਕ ਆਪਣੀਆਂ ਗੱਡੀਆਂ ਸੜਕ 'ਤੇ ਹੀ ਪਾਰਕ ਕਰ ਦਿੰਦੇ ਹਨ, ਜਿਸ ਕਾਰਨ ਬਾਜ਼ਾਰ 'ਚ ਟ੍ਰੈਫਿਕ ਜਾਮ ਹੋ ਜਾਂਦੀ ਹੈ। ਇਹ ਸਮੱਸਿਆ ਇੰਨੀ ਭਿਆਨਕ ਹੋ ਗਈ ਹੈ ਕਿ ਸ਼ਹਿਰ ਦੇ ਲੋਕਾਂ ਦਾ ਬਾਜ਼ਾਰ 'ਚੋਂ ਪੈਦਲ ਲੰਘਣਾ ਮੁਸ਼ਕਲ ਹੋ ਗਿਆ ਹੈ। ਇਸ ਸਮੱਸਿਆ ਸੰਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਬਲਾਕ ਪ੍ਰਧਾਨ ਗੁਰਸਾਹਿਬ ਸਿੰਘ ਨਾਰਲਾ ਨੇ ਕਿਹਾ ਕਿ ਭਿੱਖੀਵਿੰਡ ਪੁਲਸ ਵੱਲੋਂ ਚੌਕ ਵਿੱਚ ਖੜ੍ਹੇ ਕੀਤੇ ਗਏ ਬੈਰੀਕੇਡ ਟ੍ਰੈਫਿਕ ਸਮੱਸਿਆ ਨੂੰ ਵਧਾ ਰਹੇ ਹਨ। ਉਨ੍ਹਾਂ ਦੱਸਿਆ ਕਿ ਕਿ ਜੇਕਰ ਪੁਲਸ ਮੁਲਾਜ਼ਮ ਟ੍ਰੈਫਿਕ ਨੂੰ ਸੁਚਾਰੂ ਢੰਗ ਨਾਲ ਰੈਗੂਲੇਟ ਕਰਨ ਤਾਂ ਸ਼ਹਿਰ ਵਿੱਚ ਟ੍ਰੈਫਿਕ ਜਾਮ ਲੱਗ ਹੀ ਨਹੀਂ ਸਕਦਾ। ਇਸ ਮੌਕੇ ਉਨ੍ਹਾਂ ਐੱਸਐੱਸਪੀ ਤਰਨ ਤਾਰਨ ਪਾਸੋਂ ਮੰਗ ਕੀਤੀ ਕਿ ਭਿੱਖੀਵਿੰਡ ਦੀ ਟ੍ਰੈਫਿਕ ਸਮੱਸਿਆ ਦਾ ਕੋਈ ਸਾਰਥਕ ਹੱਲ ਕੱਢਿਆ ਜਾਵੇ ਤਾਂ ਜੋ ਲੋਕ ਖੱਜਲ-ਖੁਆਰੀ ਤੋਂ ਮੁਕਤ ਹੋ ਸਕਣ। ਉੱਧਰ ਜਦੋਂ ਇਸ ਮਾਮਲੇ ਸੰਬੰਧੀ ਥਾਣਾ ਭਿੱਖੀਵਿੰਡ ਦੇ ਡੀਐੱਸਪੀ ਪ੍ਰੀਤ ਇੰਦਰ ਸਿੰਘ ਭਿੱਖੀਵਿੰਡ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਭਿੱਖੀਵਿੰਡ ਦੀ ਭਿਆਨਕ ਟ੍ਰੈਫਿਕ ਸਮੱਸਿਆ ਦੇ ਹੱਲ ਲਈ ਮਹਿਕਮੇ ਨੂੰ ਚੌਕ ਵਿੱਚ ਟਰੈਫਿਕ ਲਾਈਟਾਂ ਲਗਵਾਉਣ ਦੀ ਅਪੀਲ ਕੀਤੀ ਗਈ ਹੈ।

ਚਾਈਨਾ ਡੋਰ ਦੀ ਵਿਕਰੀ ਨੂੰ ਰੋਕਣ ਲਈ ਐੱਸ ਐੱਚ ਓ ਜੰਡਿਆਲਾ ਗੁਰੂ ਨੂੰ ਦਿੱਤਾ ਯਾਦ ਪੱਤਰ

ਗਹਿਰੀ ਮੰਡੀ (ਮਨਜੀਤ ਸਿੰਘ ਭੰਗੂ)-ਮਜ਼ਦੂਰ ਮੁਕਤੀ ਮੋਰਚਾ ਪੰਜਾਬ ਐੱਸਓ ਮੁਖਤਿਆਰ ਸਿੰਘ ਜੰਡਿਆਲਾ ਗੁਰੂ ਨੂੰ ਏਐੱਸਆਈ ਦੁਰਲਭ ਸਿੰਘ ਰਾਹੀਂ ਇਲਾਕੇ ਵਿੱਚ ਵਿਕਦੀ ਚਾਈਨਾ ਡੋਰ ਖਿਲਾਫ ਇੱਕ ਯਾਦ ਪੱਤਰ ਦਿੱਤਾ ਗਿਆ। ਯਾਦ ਪੱਤਰ ਸਬੰਧੀ ਜਾਣਕਾਰੀ ਦਿੰਦਿਆਂ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾਈ ਆਗੂ ਨਿਰਮਲ ਛੱਜਲਵੱਡੀ ਅਤੇ ਪੱਤਰਕਾਰ ਜੀਵਨ ਸ਼ਰਮਾ ਨੇ ਦੱਸਿਆ ਕਿ ਚਾਈਨਾ ਡੋਰ ਦੀ ਵਰਤੋਂ ਵਿਕਰੀ ਦਾ ਮਸਲਾ ਬਹੁਤ ਗੰਭੀਰ ਮਸਲਾ ਹੈ। ਇਸ ਡੋਰ ਦੀ ਵਰਤੋਂ ਨਾਲ ਹਰ ਸਾਲ ਅਨੇਕਾਂ ਦੁਰਘਟਨਾਵਾਂ ਵਾਪਰਦੀਆਂ ਹਨ ਅਤੇ ਕਈ ਕੀਮਤੀ ਜਾਨਾਂ ਅਜਾਈਂ ਚਲੀਆਂ ਜਾਂਦੀਆਂ ਹਨ। ਪੰਛੀ ਫੱਟੜ ਹੋ ਜਾਂਦੇ ਹਨ। ਵਹੀਕਲਾਂ ਦੇ ਪਹੀਏ ਨਾਲ ਇਹ ਡੋਰ ਵਲੀ ਜਾਂਦੀ ਹੈ ਜੋ ਕਿ ਤੋੜਨ 'ਤੇ ਵੀ ਟੁੱਟਦੀ ਨਹੀਂ। ਬੱਚੇ ਪਤੰਗ ਉਡਾਉਂਦੇ ਵਕਤ ਇਸ ਨਾਲ ਆਪਣੀਆਂ ਉਂਗਲਾਂ ਜ਼ਖਮੀ ਕਰਵਾ ਬੈਠਦੇ ਹਨ। ਇੰਨੀ ਖਤਰਨਾਕ ਅਤੇ ਪਾਬੰਦੀਸ਼ੁਦਾ ਹੋਣ ਦੇ ਬਾਵਜੂਦ ਇਹ ਡੋਰ ਜੰਡਿਆਲਾ ਗੁਰੂ ਸ਼ਹਿਰੀ ਇਲਾਕੇ ਵਿੱਚ ਧੜੱਲੇ ਨਾਲ ਵਿਕਦੀ ਹੈ। ਸਾਡਾ ਭਰਿਸ਼ਟ ਸਿਸਟਮ ਇਸ 'ਤੇ ਰੋਕ ਲਗਾਉਣ ਤੋਂ ਬੁਰੀ ਤਰ੍ਹਾਂ ਫੇਲ ਹੋ ਚੁੱਕਾ ਹੈ। ਉਕਤ ਆਗੂਆਂ ਨੇ ਦੱਸਿਆ ਕਿ ਉਹ ਹਰ ਸਾਲ ਸਿਵਲ ਪ੍ਰਸ਼ਾਸਨ ਅਤੇ ਪੁਲਸ ਪ੍ਰਸ਼ਾਸਨ ਨੂੰ ਡੋਰ 'ਤੇ ਰੋਕ ਲਗਾਉਣ ਲਈ ਅਪੀਲ ਪੱਤਰ ਦਿੰਦੇ ਰਹਿੰਦੇ ਹਾਂ ਪਰ ਪੰਚਾਂ ਦਾ ਕਿਹਾ ਸਿਰ ਮੱਥੇ ਪਰਨਾਲਾ ਉੱਥੇ ਦਾ ਉੱਥੇ ਹੀ ਰਹਿੰਦਾ ਹੈ। ਆਗੂਆਂ ਨੇ ਕਿਹਾ ਕਿ ਪ੍ਰਸ਼ਾਸਨ ਦੋਸ਼ੀਆਂ ਖਿਲਾਫ ਪੂਰੀ ਸਖਤੀ ਵਰਤੇ ਤਾਂ ਕਿ ਇਸ ਵਾਰ ਇਸ ਖੂਨੀ ਡੋਰ ਦੀ ਵਿਕਰੀ ਅਤੇ ਵਰਤੋਂ 'ਤੇ ਮੁਕੰਮਲ ਪਾਬੰਦੀ ਲਗਾ ਸਕੇ। ਜੇ ਸੰਜੀਦਗੀ ਨਾ ਵਰਤੀ ਤਾਂ ਉਕਤ ਜਥੇਬੰਦੀਆਂ ਅਗਲੇ ਤਿੱਖੇ ਐਕਸ਼ਨ ਆਰੰਭਣਗੀਆਂ।

ਸਰਕਾਰੀ ਪ੍ਰਾਇਮਰੀ ਸਕੂਲ ਹਰਦੋਰਵਾਲ ਕਲਾਂ ਵਿਖੇ ਮਾਪੇ-ਅਧਿਆਪਕ ਮਿਲਣੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਤੇ ਪੰਜਾਬ ਦੇ ਸਰਕਾਰੀ ਸਕੂਲਾ ਵਿੱਚ ਪੜ੍ਹਦੇ ਬੱਚਿਆਂ ਦੀ ਕਾਰਗੁਜ਼ਾਰੀ ਨੂੰ ਮਾਪਿਆਂ ਨਾਲ ਸਾਂਝੀ ਕਰਨ ਦੇ ਮੰਤਵ ਨਾਲ ਅੱਜ ਪੰਜਾਬ ਦੇ ਸਰਕਾਰੀ ਸਕੂਲਾ ਵਿੱਚ ਮਾਪੇ ਅਧਿਆਪਕ ਮਿਲਣੀ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਹਰਦੋਰਵਾਰ ਕਲਾਂ ਵਿਖੇ ਅੰਮ੍ਰਿਤਪਾਲ ਸਿੰਘ ਸੈਂਟਰ ਹੈੱਡ ਟੀਚਰ ਦੀ ਅਗਵਾਈ ਹੇਠ ਅਮਨਦੀਪ ਕੌਰ ਮੁੱਖ ਅਧਿਆਪਿਕਾ ਵੱਲੋਂ ਮਾਪੇ ਅਧਿਆਪਕ ਮਿਲਣੀ ਕਰਵਾਈ ਗਈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੈਂਟਰ ਹੈੱਡ ਟੀਚਰ ਅੰਮ੍ਰਿਤਪਾਲ ਸਿੰਘ ਰੰਧਾਵਾ ਨੇ ਦੱਸਿਆਂ ਕਿ ਅੱਜ ਮਾਪੇ ਅਧਿਆਪਕ ਮਿਲਣੀ ਦੌਰਾਨ ਬੱਚਿਆਂ ਦੇ ਮਾਪਿਆਂ ਨੂੰ ਵਿਦਿਆਰਥੀਆਂ ਦੀ ਹੁਣ ਤੱਕ ਦੀ ਕਾਰਗੁਜ਼ਾਰੀ, ਮਿਸ਼ਨ ਸਮਰੱਥ ਵਿੱਚ ਬੱਚੇ ਦੇ ਸਿਖਣ ਪੱਧਰ ਦੀ ਜਾਣਕਾਰੀ, ਵਿਦਿਆਰਥੀਆਂ ਦੀ 100% ਹਾਜਰੀ ਯਕੀਨੀ ਬਣਾਉਣਾ, ਅਧਿਆਪਕਾਂ ਅਤੇ ਮਾਪਿਆਂ ਵਿਚਕਾਰ ਵਨ-ਟੂ-ਵਨ ਫੀਡਬੈਕ, ਨਵੇਂ ਸੈਸ਼ਨ ਵਿੱਚ ਦਾਖਲਿਆਂ ਸਬੰਧੀ ਜਾਣਕਾਰੀ ਦਿੱਤੀ ਗਈ ਹੈ ਅਤੇ ਸਕੂਲ ਵਿੱਚ ਲਾਇਬ੍ਰੇਰੀ ਲੰਗਰ ਵੀ ਲਗਾਇਆ ਗਿਆ। ਇਸ ਮੌਕੇ ਮੈਡਮ ਮੀਨੂੰ ਕੰਵਰ, ਗਗਨਦੀਪ ਸਿੰਘ, ਸਿਮਰਨਜੀਤ ਸਿੰਘ, ਮੈਡਮ ਮਹਿਮਾ ਤੋ ਇਲਾਵਾ ਬੱਚਿਆਂ ਦੇ ਮਾਪੇ ਹਾਜ਼ਰ ਸਨ।

ਸ਼ਰੇਆਮ ਵਿਕਦੇ ਨਸ਼ੇ ਨੂੰ ਲੈ ਕੇ ਔਰਤਾਂ ਵੱਲੋਂ ਸ਼ੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ

ਪੱਟੀ (ਬਲਦੇਵ ਸਿੰਘ ਸੰਧੂ)-ਪਿੰਡ 'ਚ ਸ਼ਰੇਆਮ ਵਿਕ ਰਹੇ ਨਸ਼ੇ ਨੂੰ ਲੈ ਕੇ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋਣ ਨਾਲ ਜਿੱਥੇ ਸਰਕਾਰ ਤੇ ਪੁਲਸ ਪ੍ਰਸ਼ਾਸਨ ਦੀ ਕਾਰਜ ਪ੍ਰਣਾਲੀ 'ਤੇ ਸਵਾਲ ਖੜ੍ਹੇ ਹੋਏ ਹਨ ਉਥੇ ਨਸ਼ੇ ਦੇ ਮੁੱਦੇ 'ਤੇ ਸਿਆਸੀ ਗਲਿਆਰਿਆਂ 'ਚ ਨਵੀਂ ਚਰਚਾ ਜ਼ਰੂਰ ਛਿੜ ਗਈ ਹੈ। ਇਹ ਵੀਡੀਓ ਵਿਧਾਨ ਸਭਾ ਹਲਕਾ ਪੱਟੀ ਦੇ ਪਿੰਡ ਕਿਰਤੋਵਾਲ ਕਲਾਂ ਦੀ ਦੱਸੀ ਜਾ ਰਹੀ ਹੈ। ਔਰਤਾਂ ਵੱਲੋਂ ਪਿੰਡ ਅੰਦਰ ਬੇਰੋਕ-ਟੋਕ ਵਿਕ ਰਹੇ ਨਸ਼ੇ ਨੂੰ ਲੈ ਕੇ ਦੱਸਿਆ ਕਿ ਗਲੀਆਂ ਮੁਹੱਲਿਆਂ ਅੰਦਰ ਨਸ਼ੇ ਦੀ ਹੋਮ ਡਲਿਵਰੀ ਹੋ ਰਹੀ। ਵੀਡੀਓ ਵਿਚ ਔਰਤਾਂ ਵੱਲੋਂ ਰੋ ਰੋ ਦੱਸਿਆ ਗਿਆ ਕਿ ਉਨ੍ਹਾਂ ਦੇ ਬੱਚੇ ਨਸ਼ੇ ਕਾਰਨ ਘਰੋਂ ਸਾਮਾਨ ਚੋਰੀ ਕਰਕੇ ਵੇਚ ਰਹੇ ਹਨ। ਜਿੰਨੀਆਂ ਵੀ ਸਰਕਾਰਾਂ ਆਈਆਂ ਕਿਸੇ ਵੱਲੋਂ ਵੀ ਨਸ਼ੇ ਨੂੰ ਠੱਲ੍ਹ ਨਹੀਂ ਪਾਈ ਗਈ ਉਲਟਾ ਨਸ਼ਾ ਦਿਨ-ਬ-ਦਿਨ ਵੱਧਦਾ ਜਾ ਰਿਹਾ। ਸੋਸ਼ਲ ਮੀਡੀਆ 'ਤੇ ਨਸ਼ੇ ਸਬੰਧੀ ਵਾਇਰਲ ਵੀਡੀਓ ਸਬੰਧੀ ਜਦੋਂ ਥਾਣਾ ਮੁਖੀ ਹਰੀਕੇ ਕੇਵਲ ਨਾਲ ਫੋਨ 'ਤੇ ਰਾਬਤਾ ਕਾਇਮ ਕੀਤਾ ਗਿਆ ਤਾਂ ਉਨ੍ਹਾਂ ਨਸ਼ੇ ਸਬੰਧੀ ਵਾਇਰਲ ਵੀਡੀਓ ਦੀ ਜਾਣਕਾਰੀ ਤੋਂ ਅਣਜਾਣਤਾ ਪ੍ਰਗਟਾਈ।

ਨਵਾਂ ਪਿੰਡ ਸਰਦਾਰਾਂ ਵਿਖੇ ਲੱਗਾ ਮਿਸ਼ਨ 'ਆਬਾਦ' ਤਹਿਤ ਵਿਸ਼ੇਸ਼ ਕੈਂਪ

ਗੁਰਦਾਸਪੁਰ, (ਦਿਨੇਸ ਕੁਮਾਰ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੱਜ ਬਲਾਕ ਗੁਰਦਾਸਪੁਰ ਦੇ ਨਵਾਂ ਪਿੰਡ ਸਰਦਾਰਾਂ ਵਿਖੇ ਮਿਸ਼ਨ 'ਆਬਾਦ' ਤਹਿਤ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਕੈਂਪ ਦੌਰਾਨ 243 ਤੋਂ ਵੱਧ ਵਿਅਕਤੀਆਂ ਨੇ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਲਿਆ। ਕੈਂਪ ਦੌਰਾਨ ਮੌਕੇ 'ਤੇ 15 ਜਨਮ ਸਰਟੀਫਿਕੇਟ ਅਤੇ 7 ਜਾਤੀ ਸਰਟੀਫਿਕੇਟ ਬਣਾਏ ਗਏ। ਮੈਡੀਕਲ ਕੈਂਪ ਦੌਰਾਮ 40 ਮਰੀਜ਼ਾਂ ਦੀ ਮੁੱਢਲੀ ਜਾਂਚ ਕੀਤੀ ਗਈ। ਇਸੇ ਦੌਰਾਨ ਰੋਜ਼ਗਾਰ ਦਫ਼ਤਰ ਵੱਲੋਂ 14 ਪ੍ਰਾਰਥੀਆਂ ਨੂੰ ਰੁਜ਼ਗਾਰ ਸਹਾਇਤਾ ਮੁਹੱਈਆ ਕਰਵਾਈ ਗਈ। ਇਸ ਮੌਕੇ ਐੱਸਡੀਐੱਮ ਗੁਰਦਾਸਪੁਰ ਅਮਨਦੀਪ ਕੌਰ ਘੁੰਮਣ, ਸਹਾਇਕ ਕਮਿਸ਼ਨਰ (ਜਨਰਲ) ਇਰਵਨ ਕੌਰ, ਨਾਇਬ ਤਹਿਸੀਲਦਾਰ ਹਿਰਦੇਪਾਲ ਸਿੰਘ, ਬੀਡੀਪੀਓ ਗੁਰਦਾਸਪੁਰ ਬਲਜੀਤ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਡਾ. ਕ੍ਰਿਪਾਲ ਸਿੰਘ ਢਿੱਲੋਂ, ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਸ਼ਾਮ ਸਿੰਘ ਘੁੰਮਣ, ਐਕਸੀਅਨ ਮੰਡੀ ਬੋਰਡ ਬਲਦੇਵ ਸਿੰਘ ਬਾਜਵਾ, ਐਕਸੀਅਨ ਲੋਕ ਨਿਰਮਾਣ ਵਿਭਾਗ ਹਰਜੋਤ ਸਿੰਘ, ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ, ਚਾਂਦ ਠਾਕੁਰ, ਪਿੰਡ ਦੀ ਸਰਪੰਚ ਕਮਲਜੀਤ ਕੌਰ, ਰਜਿੰਦਰ ਸਿੰਘ ਨਵਾਂ ਪਿੰਡ ਸਰਦਾਰਾਂ, ਬਲਦੇਵ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਗਾਰੰਟੀਸ਼ੁਦਾ ਲਾਭਾਂ ਨਾਲ 'ਲਾਈਫ ਕਲਿੱਕ-2 ਅਚੀਵ' ਲਾਂਚ

ਲੁਧਿਆਣਾ: ਐੱਚਡੀਐੱਫਸੀ ਭਾਰਤ ਦੀਆਂ ਪ੍ਰਮੁੱਖ ਜੀਵਨ ਬੀਮਾ ਕੰਪਨੀਆਂ ਵਿੱਚੋਂ ਇੱਕ ਨੇ ਇੱਕ ਨਵਾਂ ਉਤਪਾਦ ਐੱਚਡੀਐੱਫਸੀ -੨ ਅਚੀਵ ਲਾਂਚ ਕੀਤਾ ਹੈ। ਇਹ ਇੱਕ ਗਰੰਟੀਸ਼ੁਦਾ ਬੱਚਤ ਜੀਵਨ ਬੀਮਾ ਯੋਜਨਾ ਹੈ। ਇਹ ਯੋਜਨਾ ਤੁਹਾਡੇ ਪਰਿਵਾਰ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਅਤੇ ਉਨ੍ਹਾਂ ਦੇ ਵਿੱਤੀ ਟੀਚਿਆਂ ਨੂੰ ਪੂਰਾ ਕਰਨ ਲਈ ਤਿਆਰ ਕੀਤੀ ਗਈ ਹੈ। ਤੁਹਾਨੂੰ ਆਪਣੇ ਪੋਰਟਫੋਲੀਓ 8463 ਵਿੱਚ ਲਾਈਫ ਕਲਿਕ 2 ਅਚੀਵ ਨੂੰ ਕਿਉਂ ਸ਼ਾਮਲ ਕਰਨਾ ਚਾਹੀਦਾ ਹੈ? ਲਾਂਚ 'ਤੇ ਬੋਲਦੇ ਹੋਏ ਅਨੀਸ਼ ਖੰਨਾ ਹੈੱਡ ਉਤਪਾਦ ਅਤੇ ਸੈਗਮੈਂਟਸ, 8463 ਲਾਈਫ ਨੇ ਕਿਹਾ ਕਿ ਹਰ ਕੰਮ ਇੱਕ ਸੁਪਨੇ ਨਾਲ ਸ਼ੁਰੂ ਹੁੰਦਾ ਹੈ ਅਤੇ ਸੁਪਨਾ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਤੁਹਾਨੂੰ ਇਸ ਨੂੰ ਸਾਕਾਰ ਕਰਨ ਲਈ ਤੁਰੰਤ ਇੱਕ ਸੁਰੱਖਿਅਤ ਕਦਮ ਚੁੱਕਣ ਦੀ ਲੋੜ ਹੈ। ਇਹ ਇੱਕ ਯੋਜਨਾ ਹੈ ਜੋ ਗਾਰੰਟੀਸ਼ੁਦਾ ਰਿਟਰਨ# ਦੀ ਸੁਰੱਖਿਆ ਦੇ ਨਾਲ ਅਸੀਮਿਤ ਸੰਜੋਗਾਂ ਦੀ ਪੇਸ਼ਕਸ਼ ਕਰਦੀ ਹੈ।

ਓਲਾ ਆਪਣੇ ਸਾਰੇ ਨਵੇਂ ਐੱਸ1 ਐਕਸ+ਦੇ ਨਾਲ #ਐੱਡਆਈਸਏਜ਼ 'ਚ ਲਿਆਵੇਗਾ ਤੇਜ਼ੀ

ਲੁਧਿਆਣਾ : ਭਾਰਤ ਦੀ ਸਭ ਤੋਂ ਵੱਡੀ ਈਵੀ ਕੰਪਨੀ ਓਲਾ ਇਲੈਕਟ੍ਰਿਕ ਨੇ #ਐੱਡਆਈਸਏਜ਼ ਮਿਸਨ ਨੂੰ ਹੋਰ ਤੇਜ ਕਰਨ ਲਈ ਅੱਜ ਆਪਣੀ ਦਸੰਬਰ ਟੂ ਰਿਮੈਂਬਰ ਯਾਨੀ ਕਿ 'ਯਾਦਗਾਰੀ ਦਸੰਬਰ' ਮੁਹਿਮ ਦਾ ਐਲਾਨ ਕੀਤਾ ਹੈ। ਮੁਹਿਮ ਦੇ ਤਹਿਤ ਸਾਰੇ ਨਵੇਂ ਐੱਸ1 ਐਕਸ+ ਹੁਣ ਆਈਐੱਨਆਰ 20,000 ਦੀ ਛੋਟ ਦੇ ਨਾਲ ਉਪਲਬਧ ਹਨ, ਜਿਸ ਨਾਲ ਐੱਸ1 ਐਕਸ+ ਦੀ ਕੀਮਤ ਹੁਣ ਸਿਰਫ ਆਈਐੱਨਆਰ 89,999 ਹੋ ਗਈ ਹੈ। ਐੱਸ1 ਐਕਸ+ ਦੀ ਡਲਿਵਰੀ ਪਹਿਲਾਂ ਹੀ ਦੇਸ ਭਰ ਵਿੱਚ ਸ਼ੁਰੂ ਹੋ ਚੁੱਕੀ ਹੈ ਅਤੇ ਸਕੂਟਰ ਦੀ ਬੇਮਿਸਾਲ ਮੰਗ ਵੇਖਣ ਨੂੰ ਮਿਲੀ ਹੈ। ਇਹ 3ਕੇਡਬਲਿਊਐੱਚ ਦੀ ਇਕ ਬੈਟਰੀ ਦੇ ਨਾਲ ਆਉਂਦਾ ਹੈ ਅਤੇ 151 ਕਿਲੋਮੀਟਰ ਦੀ ਪ੍ਰਮਾਣਿਤ ਰੇਂਜ ਦਾ ਭਰੋਸਾ ਦਿਵਾਉਂਦਾ ਹੈ। ਕੰਪਨੀ ਨੇ 3 ਦਸੰਬਰ ਤੋਂ ਸ਼ੁਰੂ ਹੋਣ ਵਾਲੀ ਆਪਣੀ 'ਦਸੰਬਰ ਟੂ ਰਿਮੈਂਬਰ ਮੁਹਿਮ ਦੀ ਘੋਸ਼ਣਾ ਕੀਤੀ ਹੈ। ਓਲਾ ਦੀ ਮੁੱਖ ਮਾਰਕੀਟਿੰਗ ਅਫਸਰ ਅੰਸ਼ੁਲ ਖੰਡੇਲਵਾਲ ਨੇ ਕਿਹਾ ਹੈ ਕਿ ਓਲਾ ਇਲੈਕਟ੍ਰਿਕ ਨੇ ਨਵੰਬਰ ਮਹੀਨੇ ਵਿੱਚ 30,000 ਯੂਨਿਟਾਂ ਦੀ ਰਿਕਾਰਡਤੋੜ ਵਿਕਰੀ ਦੇ ਨਾਲ ਉਦਯੋਗਿਕ ਮਾਪਦੰਡ ਦੀ ਇਕ ਨਵੀਂ ਮਿਸਾਲ ਕਾਇਮ ਕੀਤੀ ਹੈ।

ਮੈਰਿੰਗੋ ਏਸ਼ੀਆ ਹੋਸਪਿਟਲਜ਼ ਵੱਲੋਂ ਓਰਿਸਨ ਹੋਸਪਿਟਲ ਦੇ ਸਹਿਯੋਗ ਨਾਲ ਓਪੀਡੀ ਦੀਆਂ ਸੁਵਿਧਾਵਾਂ ਸ਼ੁਰੂ

ਅੰਮ੍ਰਿਤਸਰ:ਮੈਰਿੰਗੋ ਏਸ਼ੀਆ ਹੋਸਪਿਟਲਸ ਅਤੇ ਡਾ: ਪੁਨੀਤ ਸਿੰਗਲਾ, ਲਿਵਰ ਟਰਾਂਸਪਲਾਂਟ ਸਰਜਨ ਨੇ ਏ.ਜੀ.ਆਈ., ਦ ਗੈਸਟ੍ਰੋਸਿਟੀ, ਓਰਿਸਨ ਹੋਸਪਿਟਲ, ਬਰੇਵਾਲ ਰੋਡ, ਲੁਧਿਆਣਾ ਦੇ ਸਹਿਯੋਗ ਨਾਲ ਲਿਵਰ ਦੀਆਂ ਸਮੱਸਿਆਵਾਂ ਵਾਲੇ ਮਰੀਜ਼ਾਂ ਲਈ ਓਪੀਡੀ ਸੁਵਿਧਾਵਾਂ ਸ਼ੁਰੂ ਕੀਤੀਆਂ ਹਨ। ਓਪੀਡੀ ਦੀ ਨੁਮਾਇੰਦਗੀ ਡਾ: ਪੁਨੀਤ ਸਿੰਗਲਾ, ਲਿਵਰ ਟ੍ਰਾਂਸਪਲਾਂਟ ਸਰਜਨ ਅਤੇ ਉਨ੍ਹਾਂ ਦੀ ਟੀਮ ਹਰ ਪੰਦਰਵਾੜੇ ਸਵੇਰੇ 11 ਵਜੇ ਤੋਂ ਸਾਮ 4 ਵਜੇ ਤੱਕ ਕਰੇਗੀ। ਓਰਿਸਨ ਹੋਸਪਿਟਲ ਦੀ ਏਜੀਆਈ ਟੀਮ ਦੀ ਨੁਮਾਇੰਦਗੀ ਡਾ: ਨਿਰਮਲਜੀਤ ਸਿੰਘ ਮੱਲ੍ਹੀ, ਡਾ: ਰਾਜੀਵ ਗਰੇਵਰ ਅਤੇ

17-Dec-PAGE-10.qxd 12/16/2023 11:01 PM Page 1

ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਅਰਥੀ ਫੂਕ ਮੁਜ਼ਾਹਰਾ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਸੂਬਾਈ ਫੈਸਲੇ ਅਨੁਸਾਰ ਜ਼ਿਲ੍ਹਾ ਕਨਵੀਨਰਾਂ ਕੁਲਦੀਪ ਪੁਰੋਵਾਲ, ਸੋਮ ਸਿੰਘ, ਬਲਵਿੰਦਰ ਕੌਰ, ਸਤਨਾਮ ਸਿੰਘ, ਅਸ਼ਵਨੀ ਫੱਜੂਪੁਰ, ਤਰਸੇਮ ਪਾਲ ਮਾਇਆਧਾਰੀ ਦੀ ਅਗਵਾਈ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਪੰਜਾਬ ਸਰਕਾਰ ਵੱਲੋਂ ਕੀਤੇ ਵਾਅਦਿਆਂ ਤੋਂ ਮੁੱਕਰਦੇ ਹੋਏ ਪੰਜਾਬ ਦੇ ਮੁਲਾਜਮਾਂ ਦੀਆਂ ਹੱਕੀ ਮੰਗਾਂ ਜਿਵੇਂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ, ਪੇ-ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨੀਆਂ, ਪੇ-ਕਮਿਸ਼ਨ ਦੇ ਬਕਾਏ ਜਾਰੀ ਕਰਨੇ, ਡੀਏ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਨੀਆਂ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨਾ, ਪੰਜਾਬ ਦੇ ਮੁਲਾਜ਼ਮਾਂ ਤੇ ਪੰਜਾਬ ਦਾ ਪੇ-ਕਮਿਸ਼ਨ ਲਾਗੂ ਕਰਨਾ, ਪੈਨਸ਼ਨਰਾਂ ਤੇ 2.59 ਦਾ ਗੁਣਾਂਕ ਲਾਗੂ ਕਰਨ ਪ੍ਰਤੀ ਅਪਣਾਈ ਗਈ ਬੇਰੁਖੀ ਤੇ ਪੰਜਾਬ ਮਨਿਸਟੀਰੀਅਲ ਸਟਾਫ ਵੱਲੋਂ ਕੀਤੀ ਜਾ ਰਹੀ ਹੜਤਾਲ ਪ੍ਰਤੀ ਪੰਜਾਬ ਸਰਕਾਰ ਦੇ ਅੜੀਅਲ ਵਤੀਰੇ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ ਅਤੇ ਮਨਿਸਟੀਰੀਅਲ ਮੁਲਾਜ਼ਮਾਂ ਦੇ ਹੜਤਾਲ ਦੀ ਹਮਾਇਤ ਕਰਦਿਆਂ ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿਖੇ ਇਕੱਤਰ ਹੋ ਕੇ ਪੰਜਾਬ ਸਰਕਾਰ ਦੇ ਅੜੀਅਲ ਵਤੀਰੇ ਵਿਰੁੱਧ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਦੇ ਬਾਅਦ ਡੀਸੀ ਦਫਤਰ ਗੁਰਦਾਸਪੁਰ ਅੱਗੇ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਸਰਕਾਰ ਦੀ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ। ਇਸ ਸਮੇਂ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਦੇ ਮੰਗਲਦੀਪ, ਜੋਤ ਪ੍ਰਕਾਸ਼, ਬਲਵਿੰਦਰ ਕੌਰ, ਅਮਰਜੀਤ ਸ਼ਾਸਤਰੀ, ਪ੍ਰੇਮ ਕੁਮਾਰ, ਰੂਪ ਸਿੰਘ ਪੱਡਾ, ਰਜਨੀ ਪ੍ਰਕਾਸ਼, ਗੁਰਦਿਆਲ ਸਿੰਘ ਸੋਹਲ, ਨੇਕ ਰਾਜ ਸਰੰਗਲ, ਬਲਵਿੰਦਰ ਕੌਰ ਆਸਾ ਵਰਕਰ ਆਦਿ ਹਾਜ਼ਰ ਸਨ।

ਔਰਤਾਂ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਤੇ ਵੱਡੇ ਸੰਘਰਸ਼ਾਂ ਨੂੰ ਵਿੱਢਣ ਸਬੰਧੀ ਕਾਨਫਰੰਸ 22 ਨੂੰ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਸਠਿਆਲੀ ਪੁਲ ਵਿਖੇ ਮੀਟਿੰਗ ਕੀਤੀ ਗਈ।

ਇਸ ਮੌਕੇ ਜ਼ਿਲਾ ਆਗੂ ਗੁਰਪ੍ਰੀਤ ਸਿੰਘ ਖਾਨਪੁਰ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਕਿਹਾ ਕਿ ਜਿਸ ਤਰ੍ਹਾਂ ਦੇਸ਼ ਦੀ ਭਾਜਪਾ ਸਰਕਾਰ ਕਿਸਾਨਾਂ/ਮਜ਼ਦੂਰਾਂ ਸਮੇਤ ਹੋਰ ਸਾਰੇ ਆਮ ਲੋਕਾਂ ਦੇ ਹਿੱਤਾਂ ਨੂੰ ਦਰਕਿਨਾਰ ਕਰਕੇ ਮੀਡੀਆ ਸਮੇਤ ਸਾਰੇ ਸਾਧਨਾਂ ਨੂੰ ਕੂੜ ਪ੍ਰਚਾਰ ਲਈ ਵਰਤ ਕੇ ਖੇਤੀ ਸੈਕਟਰ ਸਮੇਤ ਦੇਸ਼ ਦੇ ਸਾਰੇ ਅਦਾਰਿਆਂ ਤੇ ਕਾਰਪੋਰੇਟ ਦਾ ਕਬਜ਼ਾ ਕਰਵਾਉਣ ਵਿਚ ਲੱਗੀ ਹੋਈ ਹੈ, ਉਸਨੂੰ ਰੋਕਣ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਅੱਜ ਇੱਕ ਵਾਰ ਫੇਰ ਤੋਂ ਦਿੱਲੀ ਮੋਰਚੇ ਵਰਗੇ ਜਥੇਬੰਦਕ ਸੰਘਰਸ਼ ਦੀ ਲੋੜ ਹੈ। ਆਗੂਆਂ ਨੇ ਕਿਹਾ ਕਿ ਕੋਈ ਵੀ ਸੰਘਰਸ਼ ਔਰਤ ਦੇ ਸਹਿਯੋਗ ਤੋਂ ਬਿਨਾਂ ਨਹੀਂ ਜਿੱਤਿਆ ਜਾ ਸਕਦਾ ਜਿਸ ਲਈ 22 ਤਰੀਕ ਨੂੰ ਜ਼ਿਲਾ ਗੁਰਦਾਸਪੁਰ ਵਿੱਚ ਔਰਤਾਂ ਦੀ ਵੱਡੀ ਕਾਨਫਰੰਸ ਕੀਤੀ ਜਾਵੇਗੀ।

ਜਥੇਬੰਦੀ ਵੱਲੋਂ ਅਪੀਲ ਹੈ ਕਿ ਪਿੰਡਾਂ ਵਿੱਚ ਵੱਡੇ ਪੱਧਰ 'ਤੇ ਆਉਂਦੇ ਸੰਘਰਸ਼ ਸਬੰਧੀ ਪ੍ਰੋਗਰਾਮਾਂ ਬਾਰੇ ਪ੍ਰਚਾਰ ਕੀਤਾ ਜਾਵੇ ਅਤੇ ਮਜ਼ਬੂਤੀ ਨਾਲ ਸੰਘਰਸ਼ ਲੜਨ ਲਈ ਪਿੰਡ ਪੱਧਰ 'ਤੇ ਵੱਡੇ ਫੰਡ ਇਕੱਤਰ ਕਰਨ ਲਈ ਔਰਤਾਂ ਜਥੇਬੰਦਕ ਸਾਥੀਆਂ ਦਾ ਪਿੰਡ ਪੱਧਰ 'ਤੇ ਮੋਢੇ ਨਾਲ ਮੋਢਾ ਜੋੜ ਕੇ ਸਾਥ ਦੇਣ।

ਇਸ ਮੌਕੇ ਪ੍ਰਧਾਨ ਗੁਰਮੁਖ ਸਿੰਘ, ਸਕੱਤਰ ਅਨੂਪ ਸਿੰਘ, ਖਜਾਨਚੀ ਲਖਵਿੰਦਰ ਸਿੰਘ ਕਾਲਾ ਬਾਲਾ, ਗੁਰਮੇਜ ਸਿੰਘ ਨੈਨੇਕੋਟ, ਰਣਜੀਤ ਸਿੰਘ ਧੰਦਲ, ਹਰਵੰਤ ਸਿੰਘ, ਅਜੀਤ ਸਿੰਘ ਭਿੱਟੇਵਡ, ਅਮਰੀਕ ਸਿੰਘ ਵੜੈਚ, ਹਰਜੀਤ ਸਿੰਘ ਕੋਟ ਬੁੱਢਾ, ਅਵਤਾਰ ਸਿੰਘ ਕੋਟ ਬੁੱਢਾ, ਕਾਬਲ ਸਿੰਘ ਧੰਦਲ, ਪ੍ਰਗਟ ਸਿੰਘ ਧੰਦਲ, ਪਰਮਜੀਤ ਸਿੰਘ ਨਿਮਾਣੇ, ਨਿਰਮਲ ਸਿੰਘ ਰਾਮਪੁਰ, ਨਿਰਮਲ ਸਿੰਘ ਮਾੜੇ, ਜੋਗਾ ਸਿੰਘ ਕਾਲਾ ਬਾਲਾ, ਜਗੀਰ ਸਿੰਘ ਕਾਲਾ ਬਾਲਾ, ਗੁਰਮੇਜ ਸਿੰਘ, ਗੁਰਮੰਗਲ ਸਿੰਘ ਮਾੜੇ, ਜਸਵੰਤ ਸਿੰਘ ਨੈਣੇਕੋਟ, ਹਰਜਿੰਦਰ ਸਿੰਘ ਕੋਟ ਟੋਟਲ ਮਲ ਅਤੇ ਭਗਵਾਨ ਸਿੰਘ ਵਰੈਚ ਹਾਜ਼ਰ ਸਨ।

ਜਗਰੂਪ ਸੇਖਵਾਂ ਵੱਲੋਂ ਕਾਹਨੂੰਵਾਨ ਦੇ ਸਕੂਲ 'ਚ ਐੱਨ ਐੱਸ ਐੱਸ ਕੈਂਪ ਦਾ ਉਦਘਾਟਨ

ਗੁਰਦਾਸਪੁਰ (ਵਿਨੇਸ ਕੁਮਾਰ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਕਾਹਨੂੰਵਾਨ ਵਿਖੇ ਕੌਮੀ ਸੇਵਾ ਯੋਜਨਾ (ਐੱਨਐੱਸਐੱਸ) ਦੇ ਕੈਂਪ ਦੀ ਸ਼ੁਰੂਆਤ ਹੋਈ ਜਿਸਦਾ ਉਦਘਾਟਨ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕੀਤਾ। ਉਦਘਾਟਨ ਕਰਦਿਆਂ ਚੇਅਰਮੈਨ ਸੇਖਵਾਂ ਨੇ ਕਿਹਾ ਕਿ ਇਸ ਯੋਜਨਾ ਦਾ ਮੁੱਖ ਉਦੇਸ਼ ਭਾਰਤ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਭਾਈਚਾਰਕ ਤੇ ਸਮਾਜਿਕ ਸੇਵਾ ਨਾਲ ਜੋੜ ਕੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਸਰੀਰਕ, ਭਾਵਨਾਤਮਕ, ਸਮਾਜਿਕ ਅਤੇ ਬੌਧਿਕ ਵਿਕਾਸ ਕਰਦਿਆਂ ਉਨ੍ਹਾਂ ਨੂੰ ਬਿਹਤਰੀਨ ਜ਼ਿੰਮੇਵਾਰ ਨਾਗਰਿਕ ਵਜੋਂ ਤਿਆਰ ਕਰਨਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਭਰ ਵਿੱਚ ਲੱਖਾਂ ਵਿਦਿਆਰਥੀ ਇਸ ਯੋਜਨਾ ਦਾ ਹਿੱਸਾ ਬਣ ਕੇ ਖ਼ੁਦ ਨੂੰ ਤੇ ਮੁਲਕ ਨੂੰ ਸੰਵਾਰਨ ਵਿਚ ਆਪਣਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਐੱਨਐੱਸਐੱਸ ਦਾ ਸਰਟੀਫਿਕੇਟ ਭਵਿੱਖ ਵਿੱਚ ਉਨ੍ਹਾਂ ਲਈ ਬਹੁਤ ਸਹਾਈ ਹੋਵੇਗਾ। ਪੰਜਾਬ ਸਰਕਾਰ ਵੱਲੋਂ ਕਹਾਨੂੰਵਾਨ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਲਈ ਢਾਈ ਏਕੜ ਜ਼ਮੀਨ ਵਿੱਚ ਸਟੇਡੀਅਮ ਬਣਾ ਕੇ ਦਿੱਤਾ ਜਾਵੇਗਾ ਤਾਂ ਜੋ ਸਕੂਲ ਦੇ ਵਿਦਿਆਰਥੀਆਂ ਦੇ ਨਾਲ ਇਲਾਕੇ ਭਰ ਦੇ ਨੌਜਵਾਨ ਇਸ ਸਟੇਡੀਅਮ ਜ਼ਰੀਏ ਖੇਡਾਂ ਨਾਲ ਜੁੜ ਸਕਣ। ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਦੇ ਪ੍ਰਿੰ. ਮਹਿੰਦਰ ਸਿੰਘ, ਜਤਿੰਦਰ ਸਿੰਘ, ਜੋਗਾ ਸਿੰਘ, ਚਰਨਜੀਤ ਸਿੰਘ, ਸਰਪੰਚ ਆਫ਼ਤਾਬ ਸਿੰਘ, ਸੁਖਦੇਵ ਸਿੰਘ, ਤਰਸੇਮ ਠਾਕੁਰ, ਮਨਜੀਤ ਸਿੰਘ, ਲਵਕੇਸ਼, ਅਨਿਲ ਤਿਵਾੜੀ, ਸੁਖਪਾਲ ਸਿੰਘ, ਬਲਵਿੰਦਰ ਸਿੰਘ, ਸੁਖਦੇਵ ਸਿੰਘ ਗੋਲਡੀ, ਮਨਿੰਦਰਪਾਲ ਸਿੰਘ, ਸ਼ਿੰਗਾਰਾ ਸਿੰਘ, ਸੁਖਜੀਤ ਸਿੰਘ, ਇੰਦਰਜੀਤ ਸਿੰਘ, ਗੁਰਨਾਮ ਸਿੰਘ, ਹਰਪਾਲ ਸਿੰਘ ਆਦਿ ਹਾਜ਼ਰ ਸਨ।

ਸਰਪੰਚਾਂ/ਪੰਚਾਂ, ਆਸ਼ਾ/ਆਂਗਣਵਾੜੀ ਵਰਕਰਾਂ ਤੇ ਸੈਲਫ ਹੈਲਪ ਗਰੁੱਪਾਂ ਨੂੰ ਟ੍ਰੇਨਿੰਗ ਦੇਣ ਦਾ ਕੰਮ ਜਾਰੀ

ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਸਰਕਾਰੀ ਆਈਟੀਆਈ (ਲੜਕੀਆਂ) ਵਿਖੇ ਪੰਚਾਇਤੀ ਰਾਜ ਸੰਸਥਾ ਵੱਲੋਂ ਪਰਮਜੀਤ ਕੌਰ ਬੀਡੀਪੀਓ ਦੀ ਅਗਵਾਈ ਹੇਠ ਬਲਾਕ ਫ਼ਤਿਹਗੜ੍ਹ ਚੂੜੀਆਂ ਦੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ, ਪੰਚਾਂ, ਆਸ਼ਾ ਵਰਕਰਾਂ, ਆਗਣਵਾੜੀ ਵਰਕਰਾਂ, ਸੈਲਫ ਹੈਲਪ ਗਰੁੱਪਾਂ ਆਦਿ ਨੂੰ ਟ੍ਰੇਨਿੰਗ ਦੇਣ ਦਾ ਕੰਮ 4 ਦਸੰਬਰ ਤੋਂ ਲਗਾਤਾਰ ਜਾਰੀ ਹੈ, ਜੋ 2 ਜਨਵਰੀ ਤੱਕ ਚੱਲੇਗਾ।

ਇਸ ਮੌਕੇ ਰਿਸੋਰਸ ਪਰਸਨ ਜਗਦੀਪ ਠਾਂਗਰੀ ਅਤੇ ਅਜੇ ਕੁਮਾਰ ਨੇ ਸਾਂਝੇ ਤੌਰ 'ਤੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਟ੍ਰੇਨਿੰਗ ਵਿਚ ਜੀਪੀਡੀਪੀ ਰਾਹੀਂ ਸਥਾਈ ਵਿਕਾਸ ਟੀਚਿਆਂ ਦਾ ਸਥਾਨੀਕਰਨ, ਪੰਚਾਇਤੀ ਰਾਜ ਐਕਟ 1994 ਦੇ ਤਹਿਤ ਗ੍ਰਾਮ ਸਭਾ, ਗ੍ਰਾਮ ਪੰਚਾਇਤ ਆਦਿ ਵਿਸ਼ਿਆਂ 'ਤੇ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਮਨਰੇਗਾ, ਪ੍ਰਧਾਨ ਮੰਤਰੀ ਅਵਾਸ ਯੋਜਨਾ, ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨ ਆਦਿ ਭਾਰਤ ਸਰਕਾਰ ਦੀਆਂ ਸਕੀਮਾਂ ਬਾਰੇ ਵਿਸਥਾਰਪੂਰਵਕ ਦੱਸਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਲੋਕਤੰਤਰ ਦੇ ਸੰਦਰਭ ਵਿਚ ਪੰਚਾਇਤੀ ਰਾਜ ਸੰਸਥਾਵਾਂ ਦੀ ਸਰਗਰਮ ਭੂਮਿਕਾ ਆਪਣੇ ਆਪ ਵਿਚ ਇਕ ਅਗਾਂਹਵਧੂ ਕਦਮ ਨਹੀਂ ਸਗੋਂ ਆਮ ਲੋਕਾਂ ਦੇ ਸ਼ਕਤੀਕਰਨ ਦੀ ਪ੍ਰੀਕਿਰਿਆ ਵੀ ਹੈ। ਰਿਸੋਰਸ ਪਰਸਨ ਜਗਦੀਪ ਠਾਂਗਰੀ ਅਤੇ ਅਜੇ ਕੁਮਾਰ ਨੇ ਦੱਸਿਆ ਕਿ ਇਸ ਗਤੀਸ਼ੀਲ ਸਮੇਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਮੇਂ-ਸਮੇਂ 'ਤੇ ਸਿਖਲਾਈ ਦਿੱਤੀ ਜਾਂਦੀ ਹੈ।

ਸਿਖਲਾਈ ਪ੍ਰੋਗਰਾਮਾਂ ਰਾਹੀਂ ਪੰਚਾਇਤਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਪੰਚਾਇਤੀ ਰਾਜ ਪ੍ਰਬੰਧ, ਰਾਜ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਪੇਂਡੂ ਵਿਕਾਸ ਸਕੀਮਾਂ ਬਾਰੇ ਜਾਣਕਾਰੀ ਦੇਣ ਲਈ ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ (ਐੱਸਆਈਆਰਡੀ) ਮੋਹਾਲੀ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਨਿਊ ਸੋਨੈਟ ਦਾ ਨਵਾਂ ਉਤਪਾਦ ਪੇਸ਼

ਅੰਮ੍ਰਿਤਸਰ : ਭਾਰਤ ਦੀ ਵੱਡੇ ਪੱਧਰ ਤੇ ਪ੍ਰੀਮੀਅਮ ਕਾਰ ਬਣਾਉਣ ਵਾਲੀ ਆਗੂ ਕੰਪਨੀ ਕਿਆਨੇ ਭਾਰਤ ਵਿੱਚ ਪਹਿਲੀ ਵਾਰ ਆਪਣੇ ਦੂਜੇ ਸਭ ਤੋਂ ਜ਼ਿਆਦਾ ਵਿਕਣ ਵਾਲੇ ਇਨੋਵੇਸ਼ਨ, ਨਿਊ ਸੋਨੈਟ ਦਾ ਨਵਾਂ ਅਵਤਾਰ ਪੇਸ਼ ਕੀਤਾ ਹੈ। ਜ਼ਿਆਦਾ ਮਜ਼ਬੂਤ ਅਤੇ ਸਪੋਰਟੀ ਸੋਨੈਟ ਨੂੰ ਉਨ੍ਹਾਂ ਆਧੁਨਿਕ ਜੋੜਿਆਂ ਅਤੇ ਪੇਸ਼ੇਵਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਡਿਜ਼ਾਈਨ ਕੀਤਾ ਗਿਆ ਹੈ ਜੋ ਤਕਨੀਕੀ ਪ੍ਰੇਮੀ ਹਨ ਅਤੇ ਵਨ-ਸਟਾਪ ਮੋਬਿਲਿਟੀ ਸਲਿਊਸ਼ਨ ਦੀ ਖੋਜ ਵਿੱਚ ਹਨ। ਇਸ ਵਿੱਚ ਏਡੀਏਐੱਸ ਨੂੰ 10 ਆਟੋਨੋਮਸ ਵਿਸ਼ਸ਼ਤਾਵਾਂ ਨਾਲ ਪੈਕ ਕੀਤਾ ਗਿਆ ਹੈ, ਜਿਸ ਵਿੱਚ ਫਰੰਟ ਕੋਲੀਜ਼ਨ ਅਵਾਏਡੈਂਸ ਅਸਿਸਟ, ਲੀਡਿੰਗ ਵ੍ਹੀਕਲ ਡਿਪਾਰਚਰ ਅਲਰਟ ਅਤੇ ਲੇਨ ਫੋਲੋਇੰਗ ਅਸਿਸਟ) ਵਰਗੇ ਨਾਮ ਸ਼ਾਮਲ ਹਨ। ਭਾਰਤ ਵਿੱਚ ਨਿਊ ਸੋਨੈਟ ਦੇ ਦੂਜੇ ਵਿਸ਼ਵ ਪ੍ਰੀਮੀਅਰ 'ਤੇ ਕਿਆ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀਈਓ ਤਾਏ ਜਿਨ ਪਾਰਕ ਨੇ ਨੇ ਦੱਸਿਆ ਕਿ ਸੈਲਟੋਸ ਤੋਂ ਬਾਅਦ ਸਾਡੀ ਸਫਲ ਭਾਰਤ ਯਾਤਰਾ ਵਿੱਚ ਸੋਨੈਟ ਇੱਕ ਵਿਸ਼ੇਸ਼ ਸਥਾਨ ਰੱਖਦੀ ਹੈ।

ਮੋਦੀ ਨੇ ਜੋ ਕੀਤਾ, ਉਹ ਦੇਸ਼ ਦੇ ਲੋਕਾਂ ਲਈ ਕੀਤਾ: ਅਮਿਤ ਸ਼ਾਹ

ਲੁਧਿਆਣਾ / ਜਲੰਧਰ : ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਨੇਤਾ ਅਮਿਤ ਸਾਹ ਨੇ 'ਏਜੰਡਾ ਅੱਜ ਤਕ' ਸਮਾਗਮ ਦੌਰਾਨ ਜੋਰ ਦੇ ਕੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਹਮੇਸਾ ਨਿੱਜੀ ਜਾਂ ਪਾਰਟੀ ਹਿੱਤਾਂ ਨਾਲੋਂ ਲੋਕਾਂ ਦੀ ਭਲਾਈ ਨੂੰ ਪਹਿਲ ਦਿੱਤੀ ਹੈ। ਸਾਹ ਨੇ ਵੰਡਣ ਵਾਲੀਆਂ ਚਾਲਾਂ ਤੋਂ ਦੂਰ ਰਹਿ ਕੇ ਅਤੇ ਪ੍ਰਦਰਸਨ 'ਤੇ ਧਿਆਨ ਕੇਂਦ੍ਰਤ ਕਰਕੇ ਭਾਰਤੀ ਰਾਜਨੀਤੀ ਵਿੱਚ ਸਕਾਰਾਤਮਕ ਤਬਦੀਲੀਆਂ ਲਿਆਉਣ ਲਈ ਉਨ੍ਹਾਂ ਦੇ ਸਾਂਝੇ ਯਤਨਾਂ ਨੂੰ ਉਜਾਗਰ ਕੀਤਾ, ਇਸ ਤਰ੍ਹਾਂ ਭਾਜਪਾ ਭਾਰਤ ਅਤੇ ਵਿਸਵ ਪੱਧਰ 'ਤੇ ਸਭ ਤੋਂ ਵੱਡੀ ਪਾਰਟੀ ਬਣ ਗਈ ।

ਮੋਦੀ ਦੀ ਅਗਵਾਈ ਅਤੇ ਸਾਹ ਦੇ ਮਾਰਗਦਰਸਨ ਵਿੱਚ, ਭਾਜਪਾ ਇੱਕ ਮੁਕਾਬਲਤਨ ਕਮਜੋਰ ਪਾਰਟੀ ਤੋਂ ਇੱਕ ਪ੍ਰਭਾਵਸਾਲੀ ਤਾਕਤ ਵਿੱਚ ਬਦਲ ਗਈ ਹੈ, ਵੋਟ ਬੈਂਕ ਦੀ ਰਾਜਨੀਤੀ ਤੋਂ ਪਾਰ। ਉਹਨਾਂ ਨੇ ਸਮਾਵੇਸੀ ਵਿਕਾਸ ਨੂੰ ਤਰਜੀਹ ਦਿੱਤੀ ਹੈ, ਖਾਸ ਤੌਰ 'ਤੇ ਹਾਸੀਏ 'ਤੇ ਰਹਿ ਰਹੇ ਭਾਈਚਾਰਿਆਂ ਲਈ, ਅਤੇ ਵੱਖ-ਵੱਖ ਖੇਤਰਾਂ ਵਿੱਚ ਸਫਲਤਾਪੂਰਵਕ ਸਮਰਥਨ ਪ੍ਰਾਪਤ ਕੀਤਾ ਹੈ ।

ਸਕੋਡਾ ਆਟੋ ਇੰਡੀਆ ਵੱਲੋਂ ਅਗਲੇ ਵਰ੍ਹੇ ਕੀਮਤਾਂ 'ਚ ਲੱਗਭਗ ਦੋ ਫੀਸਦੀ ਵਾਧੇ ਦਾ ਐਲਾਨ

ਜਲੰਧਰ : ਸਕੋਡਾ ਆਟੋ ਇੰਡੀਆ ਨੇ 1 ਜਨਵਰੀ, 2024 ਤੋਂ ਆਪਣੀ ਰੇਂਜ ਵਿੱਚ ਲਗਭਗ 2% ਦੇ ਵਾਧੇ ਦਾ ਐਲਾਨ ਕੀਤਾ ਹੈ। ਇਹ ਵਾਧਾ ਸਕੋਡਾ ਆਟੋ ਇੰਡੀਆ ਵਾਹਨਾਂ ਦੀ ਪੂਰੀ ਰੇਂਜ-ਕੁਸਾਕ, ਸਲਾਵੀਆ ਸੇਡਾਨ ਅਤੇ ਕੋਡਿਆਕ ਲਗਜ਼ਰੀ 44 'ਤੇ ਪ੍ਰਭਾਵੀ ਹੋਵੇਗਾ। ਵਧਦੀ ਸਪਲਾਈ, ਇਨਪੁਟ ਅਤੇ ਸੰਚਾਲਨ ਲਾਗਤਾਂ ਦੇ ਕਾਰਨ ਕੀਮਤ ਵਿੱਚ ਸੁਧਾਰ ਹੋਇਆ ਹੈ। ਸਕੋਡਾ ਆਟੋ ਇੰਡੀਆ ਨੇ ਜੁਲਾਈ 2021 ਵਿੱਚ ਭਾਰਤ ਲਈ ਖਾਸ ਤੌਰ 'ਤੇ ਵਿਕਸਤ ਕੀਤੇ ਗਏ ਸਾਰੇ-ਨਵੇਂ-0-ਪਲੇਟਫਾਰਮ ਤੇ ਆਧਾਰਿਤ ਇਹ ਐਲਾਨ ਕੀਤਾ। ਦੋਵੇਂ ਕਾਰਾਂ ਹੁਣ ਅਤੇ ਹੋਰ ਸੱਜੇ ਹੱਥ ਡਰਾਈਵ ਬਾਜ਼ਾਰਾਂ ਵਿੱਚ ਨਿਰਯਾਤ ਕੀਤੀਆਂ ਗਈਆਂ ਹਨ ਅਤੇ 2024 ਵਿੱਚ ਵੀਅਤਨਾਮ ਵਿੱਚ ਕੰਪਨੀ ਦੇ ਦਾਖਲੇ ਦੀ ਅਗਵਾਈ ਕਰਨ ਜਾ ਰਹੀਆਂ ਹਨ।

ਗਲੋਬਲ ਦੇ ਨਵੇਂ, ਸਖਤ ਦੇ ਤਹਿਤ ਕੁਸਾਕ ਅਤੇ ਸਲਾਵੀਆ ਦੋਵਾਂ ਨੇ ਬਾਲਗ ਅਤੇ ਬੱਚੇ ਦੋਵਾਂ ਲਈ ਪੂਰੇ 5-ਸਟਾਰ ਹਾਸਲ ਕੀਤੇ ਹਨ। ਇਸਦੀ ਗਾਹਕ-ਕੇਂਦ੍ਰਿਤ ਪਹੁੰਚ ਦੇ ਅਨੁਸਾਰ ਸਕੋਡਾ ਗਾਹਕਾਂ ਦੇ ਨੇੜੇ ਜਾਣਾ ਜਾਰੀ ਰੱਖੇਗੀ ਅਤੇ ਆਪਣੇ ਸ਼੍ਰੇਣੀ-ਮੋਹਰੀ ਉਤਪਾਦਾਂ ਦੀ ਰੇਂਜ ਪੇਸ਼ ਕਰੇਗੀ।

ਜਸਬੀਰ ਪੱਟੀ ਦਾ ਭਲਾਈ ਕੇਂਦਰ ਪਹੁੰਚਣ 'ਤੇ ਟਰੱਸਟ ਵੱਲੋਂ ਮਾਣ-ਸਨਮਾਨ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਬੀਤੇ

17-Dec-Sunday.qxd 12/16/2023 10:47 PM Page 1

ਕੁਲਵਿੰਦਰ ਚਾਵਲਾ ਦੀਆਂ ਕਵਿਤਾਵਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 17 ਦਸੰਬਰ 2023

www.nawanzamana.in

ਕੀਮਤ 5.00 ਰੁਪਏ

ਚੈਨਲ ਚੈਂ ਚੈਂ ਚੀਕਦੇ
ਇੱਕੋ ਬੰਦਾ ਦੇਸ
ਵੀਜ਼ੇ ਲੈ ਕੇ ਰੌਸ਼ਨੀ
ਭੱਜ ਗਈ ਪਰਦੇਸ।

- ਰੂਪ ਲਾਲ

ਫਲਸਫ਼ੇ ਦੀ ਪ੍ਰਸੰਗਿਕਤਾ

ਜਗਰੂਪ

ਮਾਰਕਸਵਾਦ ਸਦਾ ਰਾਹ-ਦਸੇਰਾ

ਭਾਗ-33

ਕਿਰਤ-ਦਿਨ ਦੀ ਕਾਨੂੰਨੀ ਸੀਮਾ, ਜੋ ਵੀ ਹੋਵੇ; ਉਹ 'ਜ਼ਰੂਰੀ-ਕਿਰਤ ਸਮਾਂ' ਅਨੁਪਾਤ 'ਵਾਧੂ ਕਿਰਤ ਸਮਾਂ'

[Necessary labour time : (NLT : SLT)] ਵਿਚ ਵੰਡੀ ਜਾਵੇਗੀ। ਮਾਰਕਸ ਵਿਸ਼ਲੇਸ਼ਣ ਕਰਦਿਆਂ ਲਿਖਦਾ ਹੈ ਕਿ ਕਿਰਤ-ਦਿਨ ਦੀ ਲੰਬਾਈ ਵਧਾਉਣ ਤੇ ਕਾਨੂੰਨੀ ਰੋਕ ਲੱਗ ਜਾਣ ਪਿੱਛੋਂ, ਮਾਲਕ-ਧਿਰ (ਸਰਮਾਏਦਾਰ) ਕੋਲ ਮੁਨਾਫਾ ਵਧਾਉਣ ਦਾ ਹੋਰ ਕੋਈ ਰਾਹ ਨਹੀਂ ਹੈ, ਸਵਾਏ "ਜ਼ਰੂਰੀ-ਕਿਰਤ-ਸਮੇਂ"

(ਭਾਗ) ਨੂੰ ਛੋਟਾ ਕਰਨ ਦੇ। ਇਹ ਅਨੁਪਾਤੀ ਹੋਣ ਕਾਰਨ ਜਿੰਨਾ ਜ਼ਰੂਰੀ-ਕਿਰਤ ਸਮਾਂ ਛੋਟਾ ਹੋਵੇਗਾ, ਓਨਾ ਹੀ "ਵਾਧੂ-ਕਿਰਤ ਸਮਾਂ" ਵੱਧ ਹੋ

ਜਾਵੇਗਾ। ਇਹ ਘਾਟਾ, ਉਲਟ ਅਨੁਪਾਤੀ ਵਾਧਾ ਹੈ। ਇਸ ਕਰਕੇ ਸਰਮਾਏਦਾਰ ਲਈ ਮੁਨਾਫਾ ਵਧਾਉਣ ਵਾਸਤੇ ਮਸ਼ੀਨਰੀ ਦੀ ਬੇਹਤਰੀ ਉਪਰ ਕੇਂਦਰਤ ਕਰਨਾ ਜ਼ਰੂਰੀ ਬਣ ਗਿਆ। ਮਸ਼ੀਨਰੀ ਦਾ ਨਵਾਂ ਰੂਪ ਅਤੇ ਕਿਰਤੀ ਦੀ ਸੁਯੋਗਤਾ ਦਾ ਵਾਧਾ ਦੋਵੇਂ ਮਿਲ ਕੇ "ਕਿਰਤ-ਉਤਪਾਦਕਤਾ"

(Labour-Productivity) ਦਾ ਵਾਧਾ ਸੱਦੇ ਜਾਂਦੇ ਹਨ। ਇਸ ਤਰ੍ਹਾਂ "ਕਿਰਤ-ਉਤਪਾਦਕਤਾ" ਦਾ ਵਾਧਾ ਉਹ ਸੂਤਰ ਹੈ, ਜੋ "ਜ਼ਰੂਰੀ-ਕਿਰਤ-ਸਮਾਂ" ਨੂੰ ਘਟਾਉਂਦਾ ਹੈ ਅਤੇ ਉਸੇ ਅਨੁਪਾਤ ਵਿੱਚ "ਵਾਧੂ-ਕਿਰਤ-ਸਮਾਂ" ਨੂੰ ਵਧਾਉਂਦਾ ਹੈ। ਜਮਾਤੀ ਰੂਪ ਵਿਚ ਕਿਰਤੀ-ਧਿਰ ਦਾ ਹਿੱਸਾ ਘਟਾਉਂਦਾ ਹੈ ਅਤੇ ਸਰਮਾਏਦਾਰ-ਧਿਰ ਦਾ ਹਿੱਸਾ ਵਧਾਉਂਦਾ ਹੈ।

ਜਦੋਂ ਇਹ ਵਾਧਾ ਭਾਵ; 'ਕਿਰਤ-ਉਤਪਾਦਕਤਾ' ਦੋ-ਗੁਣਾ ਤੱਕ ਹੋਵੇਗੀ ਤਾਂ 'ਸਮਾਜਕ-ਉਤਪਾਦਨ-

ਟੀਚੇ' ਦੀ ਲੋੜ ਪੂਰਤੀ ਲਈ ਕਿਰਤ-ਸ਼ਕਤੀ ਦੀ ਵਰਤੋਂ ਘਟ ਕੇ ਅੱਧੀ ਰਹਿ ਜਾਵੇਗੀ ਜਾਂ ਇਸ ਦੇ ਉਲਟ "ਕਿਰਤ-ਦਿਨ-ਸਮਾਂ" ਅੱਧਾ ਕਰਨਾ ਹੋਵੇਗਾ। ਇਹ (ਕਿਰਤ ਦਿਨ ਸਮਾਂ ਘਟਾਉਣਾ) ਸਰਮਾਏਦਾਰ ਦਾ ਮੁਨਾਫਾ ਘਟਾਉਂਦਾ ਹੈ, ਜੋ ਉਸ ਨੂੰ ਮਨਜ਼ੂਰ ਨਹੀਂ। ਇਸ ਲਈ ਸਰਮਾਏਦਾਰ ਆਪਣਾ ਮੁਨਾਫਾ ਵਧਾਉਣ ਲਈ ਕਿਰਤੀਆਂ ਦੀ ਗਿਣਤੀ ਅੱਧੀ ਕਰਨ ਨੂੰ ਤਰਜੀਹ ਦਿੰਦਾ ਹੈ। ਇਸ ਤਰ੍ਹਾਂ ਮਸ਼ੀਨੀਕਰਨ 'ਕਿਰਤ-ਉਤਪਾਦਕਤਾ' ਦੇ ਵਾਧੇ ਨਾਲ, "ਵਾਧੂ-ਕਿਰਤੀ" (Surplus-proletarian) ਪੈਦਾ ਕਰਦਾ ਹੈ।

ਮਸ਼ੀਨੀਕਰਨ ਦਾ ਇਤਿਹਾਸ ਹੈ; ਇਹ ਸਾਧਾ ਮਸ਼ੀਨ ਤੋਂ ਸਵੈਚਾਲਕ, ਤੋਂ STR ਆਧਾਰਤ ਮਸ਼ੀਨਾਂ, ਕੰਪਿਊਟਰੀਕਰਨ ਅਤੇ ਹੁਣ ਆਰਟੀਫਿਸ਼ਲ ਇੰਟੈਲੀਜੈਂਸੀ (AI) ਨੇ ਉਤਪਾਦਨ ਅਤੇ ਸੇਵਾਵਾਂ ਦੇ ਖੇਤਰ ਵਿਚ "ਕਿਰਤ ਉਤਪਾਦਕਤਾ" ਦੇ ਵਾਧੇ ਦਾ ਭੂਚਾਲ ਲੈ ਆਂਦਾ ਹੈ।

ਜਿਸ ਦਾ ਸਿੱਟਾ ਹੈ ਕਿ ਸੰਸਾਰ ਪੱਧਰ ਉਤੇ "ਕਿਰਤ-ਉਤਪਾਦਕਤਾ" ਦੋ ਵਾਰ ਦੁੱਗਣੀ ਹੋ ਚੁੱਕੀ ਹੈ। ਜੇ ਇਸ ਨੂੰ ਅੰਕਾਂ ਵਿਚ ਜਾਚੀਏ ਤਾਂ ਨਤੀਜਾ ਹੈ:

ਇਕ ਸਮੇਂ "ਕਿਰਤ-ਉਤਪਾਦਕਤਾ" ਅਨੁਸਾਰ ਜਦੋਂ

ਕਿਰਤ-ਦਿਨ ਦੀ ਕਾਨੂੰਨ ਸੀਮਾ 8 ਘੰਟੇ ਹੈ। ਸਮੇਤ ਭਾਰਤ ਹਰ ਥਾਂ, ਜੇ 'ਜ਼ਰੂਰੀ-ਕਿਰਤ ਸਮਾਂ' ਅਤੇ 'ਵਾਧੂ-ਕਿਰਤ-ਸਮਾਂ' ਬਰਾਬਰ ਅਨੁਪਾਤ ਵਿੱਚ ਹੋਵੇ ਤਾਂ ਇਹ (8 ਘੰਟੇ) 4 : 4 ਘੰਟੇ ਹੋਵੇਗਾ। ਜਦੋਂ ਪਹਿਲੀ ਵਾਰ 'ਕਿਰਤ-ਉਤਪਾਦਕਤਾ'

ਵਿਕਾਸ ਕਰਕੇ, ਦੁੱਗਣੀ ਹੋਵੇਗੀ ਤਾਂ 'ਜ਼ਰੂਰੀ-ਕਿਰਤ ਸਮਾਂ' ਘਟ ਕੇ ਅੱਧਾ ਭਾਵ ਦੋ ਘੰਟੇ ਰਹਿ ਜਾਵੇਗਾ ਅਤੇ 'ਵਾਧੂ-ਕਿਰਤ ਸਮਾਂ' (4+2)=6 ਘੰਟੇ ਹੋ ਜਾਵੇਗਾ।

ਅਗਲੀ ਵਾਰ 'ਕਿਰਤ-ਉਤਪਾਦਕਤਾ' ਜਦੋਂ ਦੁੱਗਣੀ ਹੋਵੇਗੀ ਤਾਂ 'ਜ਼ਰੂਰੀ-ਕਿਰਤ-ਸਮਾਂ', ਪਹਿਲੇ ਦਾ ਅੱਧ ਭਾਵ ਇਕ ਘੰਟਾ ਰਹਿ ਜਾਵੇਗਾ ਅਤੇ 'ਵਾਧੂ-ਕਿਰਤ ਸਮਾਂ ਵਧ ਕੇ 6+1=7 ਘੰਟੇ ਹੋ ਜਾਵੇਗਾ। ਜੇਕਰ ਫਿਰ 'ਕਿਰਤ-ਉਤਪਾਦਕਤਾ' ਦੁੱਗਣੀ ਹੋਵੇ ਤਾਂ 'ਜ਼ਰੂਰੀ-ਕਿਰਤ-ਸਮਾਂ', ਪਹਿਲੇ ਇਕ ਘੰਟੇ ਦਾ ਅੱਧ ਭਾਵ ਤੀਹ ਮਿੰਟ (ਅੱਧਾ ਘੰਟਾ) ਰਹਿ ਜਾਵੇਗਾ ਅਤੇ 'ਵਾਧੂ ਕਿਰਤ ਸਮਾਂ', ਅੱਧਾ ਘੰਟਾ ਜੁੜ ਕੇ 7+1/2=

ਸਾਢੇ ਸੱਤ ਘੰਟੇ ਹੋ ਜਾਵੇਗਾ।

ਇਸ ਨੂੰ ਸਮੇਂ ਦੀ ਥਾਂ ਕਿਰਤੀਆਂ ਦੀ ਗਿਣਤੀ ਨਾਲ ਵਿਚਾਰ ਕਰੀਏ ਤਾਂ ਮੰਨ ਲਵੋ (ਭਾਰਤ ਨੂੰ) ਸ਼ੁਰੂ ਵਿਚ ਸਮਾਜਕ ਉਤਪਾਦਨ ਟੀਚੇ ਨੂੰ ਪੂਰਾ ਕਰਨ ਲਈ 80 ਕਰੋੜ ਕਿਰਤ-ਦਿਨਾਂ ਦੀ ਲੋੜ ਹੈ। ਜਦੋਂ ਤੱਕ 'ਕਿਰਤ ਉਤਪਾਦਕਤਾ' ਦੁੱਗਣੀ ਹੋਵੇਗੀ ਤਾਂ ਲੋੜ ਘਟ ਕੇ ਅੱਧੀ, ਭਾਵ 40 ਕਰੋੜ ਦੀ ਰਹਿ ਜਾਵੇਗੀ। 40 ਕਰੋੜ 'ਵਾਧੂ-ਕਾਮੇ' ਬਣ ਜਾਣਗੇ। ਜਿਨ੍ਹਾਂ ਦੀ 'ਕਿਰਤ-ਸ਼ਕਤੀ', "ਸ੍ਰੀਮਾਨ ਸਰਮਾਏ" ਦੇ ਵਾਧੇ ਲਈ ਬੇ-ਲੋੜੀ ਹੈ। ਹੁਣ ਉਹ ਵਾਧੂ ਕਾਮੇ ਹਨ। ਜਿਸ ਵਰਤਾਰੇ ਨੂੰ ਮਾਰਕਸ ਕਹਿੰਦਾ ਹੈ; 'ਸਰਮਾਏਦਾਰੀ ਪਰੋਲਤਾਰੀਆ ਨੂੰ ਹੋਂਦ ਵਿਚ ਲਿਆਉਂਦੀ ਹੈ'। ਜੇ ਮੁੜ 'ਕਿਰਤ ਉਤਪਾਦਕਤਾ' ਦੁੱਗਣੀ ਹੋਵੇ ਤਾਂ ਸਮਾਜਕ ਉਤਪਾਦਨ ਟੀਚੇ ਦੀ ਪ੍ਰਾਪਤੀ ਲਈ, ਕਿਰਤ ਸ਼ਕਤੀ ਦੀ ਲੋੜ ਫਿਰ ਘਟ ਕੇ ਅੱਧੀ, ਭਾਵ 20 ਕਰੋੜ ਰਹਿ ਜਾਵੇਗੀ ਅਤੇ 'ਵਾਧੂ-ਕਿਰਤੀਆਂ' (ਪਰੋਲਤਾਰੀਆਂ) ਦੀ ਗਿਣਤੀ ਵਧ ਕੇ (40+20) =60 ਕਰੋੜ ਹੋ ਜਾਵੇਗੀ।

ਹੁਣ ਜਦੋਂ "ਆਰਟੀਫਿਸ਼ਲ ਇੰਟੈਲੀਜੈਂਸ" (19)

ਨੇ ਉਤਪਾਦਨ ਪ੍ਰਕਿਰਿਆ ਵਿਚ, ਜਿੰਦਾ-ਕਿਰਤ ਦੀ

ਲੋੜ ਨੂੰ ਦਸ਼ਮਲਵ ਰੂਪ ਵਿਚ ਧੱਕ ਦੇਣਾ ਹੈ ਤਾਂ ਵਾਧੂ ਕਿਰਤੀਆਂ ਦੀ ਗਿਣਤੀ ਅਸੰਖ ਹੋ ਜਾਣੀ ਹੈ। ਜਿਸ

ਮੰਜ਼ਰ ਨੂੰ ਚਿਤਵ ਕੇ, 'ਚਿੰਤਤ' ਬੁੱਧੀਜੀਵੀ, ਲੋਕ ਮਨਾਂ ਵਿਚ ਕੰਮ ਦੀ ਥੁੜੋਂ ਦਾ ਡਰ ਚੇਪ ਰਹੇ ਹਨ।

ਉਹ 'ਕਿਰਤ-ਉਤਪਾਦਕਤਾ' ਦੇ ਵਾਧੇ ਦਾ ਬੁਰਜੂਆ ਪੱਖ ਹੀ ਪਰੋਸ ਰਹੇ ਹਨ। ਉਹ, ਇਸ ਆਰਥਕ ਪਾੜੇ ਨਾਲ ਫੈਲਦੀ ਸਮਾਜਕ ਬੇਚੈਨੀ ਨੂੰ ਕਾਬੂ ਹੇਠ ਰੱਖਣ ਲਈ, ਬਦਲਦੇ ਹਕੂਮਤੀ ਰੂਪ, ਫਾਸ਼ਿਸਟ ਰੁਝਾਨ ਤੋਂ

ਬੇਅੰਤ ਭੈਅਭੀਤ ਹਨ। ਉਹ ਪਰੋਲਤਾਰੀ-ਪੱਖ ਨੂੰ ਨਜ਼ਰਅੰਦਾਜ਼ ਕਰਦੇ ਹਨ। ਉਹ ਜਿੰਦਾ-ਸਮਾਜਕ ਪੱਖ ਦੇ ਇਨਕਲਾਬੀ ਵਰਤਾਰੇ ਨੂੰ ਚਾਤਵਦੇ ਤੱਕ ਨਹੀਂ, ਜਦੋਂ ਕਿ 'ਕਿਰਤ-ਉਤਪਾਦਕਤਾ' ਦੇ ਵਾਧੇ ਨੂੰ ਸਮਾਜਕ ਰੂਪ ਵਿਚ ਲਾਹੇਵੰਦ ਬਣਾਉਣ ਲਈ ਪਰੋਲਤਾਰੀ-ਪੱਖ ਮਹੱਤਵਪੂਰਨ ਹੈ। ਮਾਰਕਸ (ਅਤੇ ਮਾਰਕਸਵਾਦ) ਅਨੁਸਾਰ, ਕਾਨੂੰਨੀ ਸੀਮਾ ਦੇ "ਕਿਰਤ-ਦਿਨ" ਦੇ ਦੋ ਭਾਗਾਂ ਵਿਚ, ਸਰਮਾਏਦਾਰ "ਜ਼ਰੂਰੀ-ਕਿਰਤ ਸਮਾਂ" ਛੁਟੇਰਾ ਕਰਨ ਨਾਲ, "ਵਾਧੂ-ਕਿਰਤ ਸਮਾਂ" ਵੱਡਾ ਕਰਕੇ ਆਪਣਾ ਮੁਨਾਫਾ

ਵਧਾਉਂਦਾ ਹੈ। ਪਰੋਲਤਾਰੀਆ ਸਮੇਤ, ਕੋਈ ਵੀ ਕਿਰਤ-ਉਤਪਾਦਕਤਾ ਦੇ ਵਾਧੇ ਖਿਲਾਫ ਨਹੀਂ ਜਾ ਸਕਦਾ। ਇਸ ਲਈ, ਪਰੋਲਤਾਰੀ ਕੋਲ, "ਜ਼ਰੂਰੀ-ਕਿਰਤ ਸਮਾਂ" ਅਨੁਪਾਤ ਨੂੰ ਮੁਕਾਬਲਤਨ ਵੱਡਾ ਕਰਨ ਲਈ, ਕਿਰਤ-ਦਿਨ ਦੀ ਸੀਮਾ ਘੱਟ ਕਰਨ ਤੋਂ ਵੱਖਰਾ, ਹੋਰ ਕੋਈ ਰਾਹ ਨਹੀਂ ਹੈ, ਇਸ ਲਈ, ਪਰੋਲਤਾਰੀਆ ਦਾ ਨਾਹਰਾ "ਛੁਟੇਰੀ ਕੰਮ ਦਿਹਾੜੀ" ਹੈ।



ਕੋਈ ਵੀ ਜੋ ਇਹ ਸਿਧਾਂਤਕੀ ਨਹੀਂ ਸਮਝਦਾ, ਇਸ 'ਤੇ ਅਮਲ ਨਹੀਂ ਕਰਦਾ, ਉਹ ਸਮਾਜਵਾਦ, ਸਾਮਵਾਦ ਵੱਲ ਜਾਣ ਦਾ ਸਹੀ ਰਾਹ ਦਸੇਰਾ ਅਤੇ ਝੰਡਾ-ਬਰਦਾਰ ਨਹੀਂ ਹੋ ਸਕਦਾ।

"ਛੁਟੇਰੀ ਕੰਮ ਦਿਹਾੜੀ" ਦਾ ਹਥਿਆਰ ਸਮਾਜਕ ਬਰਾਬਰੀ ਵਧਾਉਣ ਦਾ ਕੰਮ ਕਰਦਾ ਹੈ। ਸਮਾਜਕ ਬਰਾਬਰੀ ਵੱਲ ਵਧਣਾ, ਲੋਕਰਾਜ (ਡੈਮੋਕਰੇਸੀ) ਦਾ ਮਾਰਗ ਹੈ। ਇਸ ਦਾ ਗਿਣਾਤਮਕ ਪੱਖ ਪਰਖੀਏ; ਜਦੋਂ "ਕਿਰਤ-ਉਤਪਾਦਕਤਾ" ਵਧਦਿਆਂ ਦੁੱਗਣੀ ਹੋਵੇਗੀ ਤਾਂ ਬੁਰਜੂਆ ਹਿੱਤ (ਮੁਨਾਫਾ ਵਾਧਾ) ਦੇ ਉਲਟ, ਕਿਰਤੀਆਂ ਨੂੰ ਕੰਮ ਤੋਂ ਬਾਹਰ ਕਰਨ ਦੀ ਥਾਂ, ਕਿਰਤ ਦਿਨ ਦੀ ਸੀਮਾ ਅੱਧੀ ਕਰਨ ਨਾਲ, ਕੋਈ ਕਿਰਤੀ ਕੰਮ ਤੋਂ ਬਾਹਰ ਨਹੀਂ ਜਾਵੇਗਾ। ਫਿਰ ਕਿਰਤ-ਉਤਪਾਦਕਤਾ ਵਾਧਾ, ਸਮਾਜਕ ਬਰਾਬਰੀ ਅਤੇ ਅਮੀਰੀ ਦਾ ਸਬੱਬ ਬਣੇਗਾ।

'ਛੁਟੇਰੀ ਕੰਮ ਦਿਹਾੜੀ' ਦੇ ਸਿਧਾਂਤਕੀ ਨੇਮ ਦੀ ਨਜ਼ਰਅੰਦਾਜ਼ੀ ਦਾ ਨਤੀਜਾ ਹੈ : (ਦਸ ਵਰ੍ਹੇ ਪਹਿਲਾਂ ਭਾਰਤ ਦੀ ਪਾਰਲੀਮੈਂਟ ਵਿਚ ਤੱਥ ਪੇਸ਼ ਕਰਦਿਆਂ ਰਿਪੋਰਟ ਹੈ) 'ਭਾਰਤੀ ਮਜ਼ਦੂਰ ਨੂੰ ਉਸ ਦੇ ਉਪਜਾਏ ਦਾ ਦਸ ਫੀ ਸਦੀ ਉਜਰਤ ਰੂਪ ਵਿਚ ਮਿਲਦਾ ਹੈ।' (-ਏਟਕ ਕੌਮੀ ਕਾਨਫਰੰਸ) ਇਹ, ਜੋ 90 ਫੀ ਸਦੀ ਮਾਲਕਾਂ ਦਾ ਮੁਨਾਫਾ ਹੈ, ਇਹੀ ਆਰਥਕ-ਸਮਾਜਕ ਪਾੜਾ, ਸਾਰੇ ਸਮਾਜਕ ਵਿਗਾੜ ਪੈਦਾ ਕਰਦਾ ਹੈ। ਇਹੀ ਪਾੜਾ ਕਾਇਮ ਰੱਖਣ, ਵਧਾਉਣ ਲਈ, ਆਪਣੀ ਰਾਖੀ ਦੇ ਉਸਾਰ (ਹਕੂਮਤ, ਕਾਨੂੰਨ, ਵਿਚਾਰਧਾਰਾ, ਆਦਿ) ਨੂੰ ਨਵਾਂ ਰੂਪ ਦੇ ਰਿਹਾ ਹੈ, ਜਿਸ ਨਾਲ ਵਿੱਦਿਆ ਅਤੇ ਸਿਹਤ ਢਾਂਚਾ, ਲੋਕਾਂ ਵਿਰੋਧੀ ਰੂਪ ਧਾਰ ਰਿਹੈ। ਜਿਸ ਦਾ ਅਰਥ ਹੈ, ਵਿੱਦਿਆ ਅਤੇ ਸਿਹਤ ਵੀ , ਲੋਕ ਜਾਂ ਸਮਾਜਕ ਹਿੱਤਾਂ ਦੀ ਥਾਂ, ਨਿੱਜੀ ਹਿੱਤ ਸਰਮਾਏਦਾਰਾਂ ਲਈ ਮੁਨਾਫੇ ਦਾ ਸਰੋਤ ਵਿਚ ਬਦਲ ਗਏ ਹਨ।

ਬੁਰਜੂਆਜੀ ਨੂੰ ਆਪਣੇ ਜਮਾਤੀ ਵਿਰੋਧੀ ਪਰੋਲਤਾਰੀਆ ਤੋਂ ਜਮਾਤੀ-ਘੋਲ ਦਾ ਡਰ ਇਸ ਕਦਰ ਘਟ ਗਿਆ ਹੈ ਕਿ ਉਹ ਮੁੜ ਕਾਨੂੰਨ ਵਿਚ ਢਿੱਲ ਦੇ ਕੇ, ਉਸ ਦੀ ਦੁਰਵਰਤੋਂ ਕਰਨ ਦਾ ਮੌਕਾ ਦੇ ਕੇ, ਕੰਮ-ਦਿਨ 8 ਤੋਂ 12 ਘੰਟੇ ਦਾ ਘਚੋਲਾ ਪਾ ਰਹੇ ਹਨ।

ਇਸ ਦਾ ਸਿੱਧਾ ਮਤਲਬ : ਤੇਤੀ ਫੀ ਸਦੀ ਕੰਮ ਬੋਝ ਵਧਾ ਕੇ, 33% (ਤੇਤੀ ਫੀ ਸਦੀ) ਕਾਮਿਆਂ ਨੂੰ ਵਾਧੂ-ਕਾਮਿਆਂ ਦੀ ਪਾਲ ਵਿਚ ਧੱਕ ਦੇਣਾ ਹੈ। ਇਕ ਤਰ੍ਹਾਂ 33% ਕਾਮਿਆਂ ਦੀ ਛਾਂਟੀ ਕਰਨ ਦਾ ਕਾਨੂੰਨ ਅਮਲ ਵਿਚ ਲਿਆਉਣਾ ਹੈ।

ਇਹ ਬੁਰਜੂਆਜੀ ਦੇ ਆਪਣੇ ਪ੍ਰਚਾਰ; 'ਪ੍ਰਭਾਵੀ ਮੰਗ'

ਦੇ ਵਾਧੇ ਨਾਲ ਰੁਜ਼ਗਾਰ ਪੈਦਾ ਹੁੰਦਾ ਹੈ, ਦਾ ਵੀ ਸਿੱਧਾ

ਵਿਰੋਧ ਹੈ, ਜਿੱਥੇ 33% ਕਿਰਤੀਆਂ ਦੀ ਛਾਂਟੀ ਨਾਲ ਡਿੱਗੀ ਖਰੀਦ ਸ਼ਕਤੀ, ਪ੍ਰਭਾਵੀ ਮੰਗ ਨੂੰ ਵੀ ਪਟਕਾ ਮਾਰੇਗੀ।

ਭਾਗ-34

ਮਾਰਕਸ ਇਸ ਵਰਤਾਰੇ ਨੂੰ 'ਸਮਾਜਕ-ਪੱਧਰ'

(macro-level) 'ਤੇ ਬਿਆਨ ਕਰਦਿਆਂ, "ਸਰਮਾਏ ਦੀ ਜੁੱਟ-ਬਣਤਰ" (Organic composition of Capital) ਦੇ ਨੇਮ:

"ਅਬਦਲ ਸਰਮਾਇਆ" ਅਨੁਪਾਤ "ਬਦਲਦਾ-ਸਰਮਾਇਆ" [Constant Capital : Variable Capital (CC:VC)] ਦਾ ਸੂਤਰ ਦਿੰਦਾ ਹੈ। ਇਹ ਸੂਤਰ ਮਾਰਕਸਵਾਦੀਆਂ ਲਈ ਨਿਰਨਾਕਾਰੀ ਅਤੇ ਰਾਹ ਦਸੇਰਾ ਹੈ:

* ਕਿਰਤ-ਉਤਪਾਦਕਤਾ ਦਾ ਵਾਧਾ, 'ਅਬਦਲ ਸਰਮਾਏ' (CC-ਸੀਸੀ) ਦੇ ਅਨੁਪਾਤ ਨੂੰ ਵੱਡਾ ਕਰਦਾ ਹੈ ਅਤੇ ਬਦਲਦੇ-ਸਰਮਾਏ (VC-ਵੀਸੀ) ਦੇ ਭਾਗ ਨੂੰ ਛੋਟਾ ਕਰਦਾ ਹੈ।

* ਉਤਪਾਦਨ ਪ੍ਰਕਿਰਿਆ ਵਿਚ 'ਸੀਸੀ' ਵਰਤੋਂ ਮੁੱਲ ਦਾ ਸਿਰਜਕ ਹੈ ਅਤੇ 'ਵੀਸੀ' ਮੁੱਲ ਦਾ ਸਿਰਜਕ ਹੈ। * ਉਤਪਾਦਨ ਵਰਤਾਰੇ ਵਿਚ, 'ਸੀਸੀ' : 'ਵੀਸੀ' ਦੇ ਮੁਤਾਬਕ ਹੀ 'ਵਰਤੋਂ-ਮੁੱਲ' : 'ਮੁੱਲ', ਦੀ ਸਿਰਜਨਾ ਹੁੰਦੀ ਹੈ।

* ਜਿਵੇਂ-ਜਿਵੇਂ ਕਿਰਤ-ਉਤਪਾਦਕਤਾ ਵਧਦੀ ਹੈ,

[ਹੁਣ ਆਰਟੀਫਿਸ਼ਲ ਇੰਟੈਲੀਜੈਂਸ ਰਾਹੀਂ ਵਾਧਾ] ਉਵੇਂ-ਉਵੇਂ 'ਵੀਸੀ' ਦਾ ਅਨੁਪਾਤ ਘਟਦਾ ਜਾਂਦਾ ਹੈ।

* 'ਨਵਾਂ-ਮੁੱਲ' ਸਿਰਜਣ ਦਾ ਕਾਰਜ 'ਵੀਸੀ' ਦਾ ਹੋਣ ਕਾਰਨ, ਨਤੀਜਾ; ਵਿਕਾਸ ਦਰ ਦਾ ਰੁਝਾਨ ਘਟਦੀ ਪ੍ਰਵਿਰਤੀ ਦਰਸਾਉਂਦਾ ਹੈ। ਮੁਨਾਫਾ ਘਟਦੀ ਦਰ ਨਾਲ ਵਧਦਾ ਹੈ।

* 'ਸੀਸੀ' ਅਤੇ 'ਵੀਸੀ' ਵਿਚਲਾ ਅਨੁਪਾਤ ਸੀਸੀ ਵੱਲ ਝੁਕਣ ਕਾਰਨ, ਉਤਪਾਦਕਤਾ ਦੇ ਹਰ ਵਾਧਾ-ਗੇੜ ਨਾਲ 'ਵੀਸੀ' ਸੁੰਗੜ ਰਿਹਾ ਹੈ।

* 'ਵੀਸੀ', ਉਜਰਤਾਂ ਉਪਰ ਖਪਤ ਹੁੰਦਾ ਸਰਮਾਇਆ ਹੈ। ਇਸ ਦੀ ਮਾਤਰਾ ਏਨੀ ਘੱਟ (ਥੋੜ੍ਹੀ) ਹੈ ਕਿ ਇਸ ਬਰਾਬਰ ਪੈਦਾ ਹੁੰਦਾ ਨਵਾਂ ਮੁੱਲ ਕਿਸੇ ਗਿਣਤੀ ਵਿਚ ਆਉਣੋਂ ਅਸਮਰੱਥ ਹੈ।

ਇਸ ਦੀ ਹਕੀਕਤ ਵਿਕਸਤ ਮੁਲਕਾਂ ਦੀ ਘਟਦੀ ਵਿਕਾਸ ਦਰ ਦੀ ਪ੍ਰਵਿਰਤੀ ਦਿਖਾ ਰਹੀ ਹੈ। ਯੂਰਪ ਦੇ ਦੇਸ਼ਾਂ ਵਿਚ ਵਿਕਾਸ ਦਰ ਦੋ, ਢਾਈ ਫੀਸਦੀ ਸਾਲਾਨਾ ਅਤੇ ਜਰਮਨੀ ਦੀ 2024 ਦੀ ਅਨੁਮਾਨਤ ਸਾਲਾਨਾ ਵਿਕਾਸ ਦਰ "ਸਿਫਰ"

(zero) ਫੀ ਸਦੀ ਦਰਸਾਈ ਜਾ ਰਹੀ ਹੈ।

* ਕਿਸੇ ਦੇਸ਼ ਦੀ ਸਾਲਾਨਾ ਅਨੁਮਾਨਤ ਵਿਕਾਸ ਦਰ

ਉਸ ਦੇਸ਼ ਦੀ ਜਿਉਂਦੀ ਕਿਰਤ ਸ਼ਕਤੀ ਦੀ, ਸੇਵਾਵਾਂ ਰਹਿਤ, ਉਤਪਾਦਨ ਪ੍ਰਕਿਰਿਆ ਵਿਚ ਵਰਤੋਂ-

ਦਰ ਨਾਲ ਸੰਬੰਧਤ ਹੁੰਦੀ ਹੈ । ਉਸ ਦੇਸ਼ ਦੀਆਂ ਸਮਾਜਕ ਲੋੜਾਂ ਦੀ ਪੂਰਤੀ, ਭਾਵ 'ਵਰਤੋਂ-ਮੁੱਲ' ਦਾ ਉਤਪਾਦਨ 'ਸੀਸੀ' (ਅਬਦਲ ਸਰਮਾਏ) ਦਾ ਕਾਰਜ ਹੁੰਦਾ ਹੈ। "ਆਰਟੀਫਿਸ਼ਲ ਇੰਟੈਲੀਜੈਂਸ" ਦੇ ਜੁੱਗ ਵਿਚ ਸਮਾਜਕ ਲੋੜਾਂ ਲਈ "ਵਰਤੋਂ-ਮੁੱਲ" (ਵਸਤ ਉਤਪਾਦਨ) ਮਿੱਥੇ ਟੀਚੇ, ਯੋਜਨਾਬੱਧ ਉਤਪਾਦਨ ਹੁੰਦਾ ਹੈ।

* ਕਿਸੇ ਵੀ ਦੇਸ਼ ਵਿਚ ਉਸ ਦੀਆਂ ਪਦਾਰਥਕ ਲੋੜਾਂ ਦੀ ਪੂਰਤੀ ਦਾ ਟੀਚਾ; ਜਿਣਸ ਉਤਪਾਦਨ ਭਾਵ 'ਵਰਤੋਂ ਮੁੱਲ' (ਵਸਤਾਂ) ਦਾ ਉਤਪਾਦਨ ਸੀਸੀ ਦਾ ਕਾਰਜ ਹੈ।

* ਕਿਰਤ ਉਤਪਾਦਕਤਾ ਦੇ "ਆਰਟੀਫਿਸ਼ਲ ਇੰਟੈਲੀਜੈਂਸ" ਦੌਰ ਨੇ ਸ਼ੁਰੂ ਵਿਚ ਹੀ, "ਜਿਣਸ" ਦੇ ਦੋਹਰੇ ਗੁਣ; 'ਵਰਤੋਂ-ਮੁੱਲ ਅਤੇ ਮੁੱਲ' ਵਿੱਚ, ਵਰਤੋਂ-ਮੁੱਲ ਦੇ ਅਨੁਪਾਤ ਨੂੰ ਸੀਸੀ ਦੇ ਵਾਧੇ ਰਾਹੀਂ ਏਨਾ ਵੱਡਾ ਕਰ ਦਿੱਤਾ ਹੈ ਕਿ ਉਹ ਕੁਦਰਤੀ-ਉਪਜਾਂ

(ਫਰੀ) ਵਾਂਗ ਬਣਦਾ ਜਾ ਰਿਹਾ ਹੈ।

ਇਸ ਗੁਣ ਕਾਰਨ ਬਹੁਤ ਸਾਰੇ ਦੇਸ਼, 'ਵਾਧੂ-ਉਤਪਾਦਨ' (over production) ਨੂੰ ਜੋ ਜਿਣਸ ਤੋਂ (ਨਾ ਵਿਕਣ ਕਾਰਨ) ਮੁੜ ਵਸਤ, ਭਾਵ ਵਰਤੋਂ-ਮੁੱਲ ਦੇ ਗੁਣ ਵਾਲਾ ਹੈ, ਉਸ ਨੂੰ ਬੜੀ ਹੁਸ਼ਿਆਰੀ ਨਾਲ "ਰਾਜਸੀ-ਜਿਣਸ" (political commodity) ਬਣਾ ਲਿਆ ਹੈ। ਉਸ ਨੂੰ ਸੱਤਾ ਪ੍ਰਾਪਤੀ ਲਈ, ਵੋਟਾਂ ਹਾਸਲ ਕਰਨ ਲਈ ("ਮੁਫਤ",) 'ਰਿਉੜੀਆਂ' (ਆਟਾ-ਦਾਲ, ਬਿਜਲੀ, ਪਾਣੀ ਆਦਿ) ਵੰਡਣ ਦੀ ਨੀਤੀ ਉਪ

ਲੋਕਤੰਤਰ ਦੀ ਕੇਂਦਰੀਕ੍ਰਿਤ ਵੰਨਗੀ ਦਾ ਉਭਾਰ ਹੁੰਦਾ ਲੱਗਦਾ ਹੈ ਭਾਰਤ ਵਿੱਚ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਸਾਡੇ ਪੰਜਾਬ ਦੇ ਲੋਕ ਤੇ ਪੰਜਾਬ ਤੋਂ ਕਿਸੇ ਦੂਸਰੇ ਦੇਸ਼ ਜਾਂ ਰਾਜ ਵਿੱਚ ਗਏ ਲੋਕ ਇਹ ਸੋਚ ਰਹੇ ਹਨ ਕਿ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਏਥੇ ਕਿਸ ਪਾਰਟੀ ਦਾ ਕਿਸ ਨਾਲ ਗੱਠਜੋੜ ਬਣੇਗਾ ਜਾਂ ਨਹੀਂ ਬਣੇਗਾ ਅਤੇ ਜੋ ਵੀ ਹਾਲਾਤ ਹੋਣ, ਏਥੋਂ ਦੀਆਂ ਤੇਰਾਂ ਸੀਟਾਂ ਵਿੱਚੋਂ ਕਿਸ ਪਾਰਟੀ ਨੂੰ ਕਿੰਨੀਆਂ ਮਿਲਣਗੀਆਂ! ਭਾਰਤ ਵਿੱਚ ਲਗਭਗ ਹਰ ਰਾਜ ਦੇ ਲੋਕ ਸਾਡੇ ਵਾਂਗ ਏਥੋਂ ਤੱਕ ਹੀ ਸੋਚਦੇ ਦਿਖਾਈ ਦੇਂਦੇ ਹਨ ਜਾਂ ਇਸ ਤੋਂ ਕੁਝ ਵੱਧ ਅਗਲੀ ਸੋਚ ਸੋਚਣ ਵਾਲੇ ਵੀ ਮਿਲ ਜਾਣਗੇ ਕਿ ਦੇਸ਼ ਦੀ ਅਗਲੀ ਸਰਕਾਰ ਬਣਾਉਣ ਦੇ ਲਈ ਕਿਹੜੀ ਪਾਰਟੀ ਜਾਂ ਗੱਠਜੋੜ ਕਿੰਨੀਆਂ ਸੀਟਾਂ ਜਿੱਤੇਗਾ! ਉਹ ਇਹ ਸੋਚਣ ਤੱਕ ਸੀਮਤ ਲੱਭਦੇ ਕਿ ਅਗਲੀ ਵਾਰੀ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਫਿਰ ਬਣਨਗੇ ਜਾਂ ਭਾਜਪਾ ਅੰਦਰ ਉੱਭਰਦੇ ਸੁਣੇ ਜਾਂਦੇ ਮੱਤਭੇਦਾਂ ਦੇ ਦਬਾਅ ਹੇਠ ਕੋਈ ਹੋਰ ਆਗੂ ਅੱਗੇ ਲਿਆਂਦਾ ਜਾਵੇਗਾ! ਏਦਾਂ ਦੀਆਂ ਕਈ ਸੋਚਾਂ ਹੋਰ ਵੀ ਚੱਲਦੀਆਂ ਸੁਣਦੀਆਂ ਹਨ, ਪਰ ਇਹ ਗੱਲ ਕਿਸੇ ਪਾਸੇ ਸੋਚ ਦਾ ਵਿਸ਼ਾ ਬਣੀ ਸੁਣਨ ਨੂੰ ਨਹੀਂ ਮਿਲੀ ਕਿ ਅਗਲੇ ਸਾਲ ਦੀਆਂ ਚੋਣਾਂ ਦੇ ਬਾਅਦ ਭਾਰਤ ਵਿੱਚ ਲੋਕਤੰਤਰ ਦਾ ਹੁਲੀਆ ਅੱਜ ਵਾਲਾ ਰਹੇਗਾ ਜਾਂ ਬਦਲ ਜਾਵੇਗਾ! ਦਸੰਬਰ ਦੇ ਸ਼ੁਰੂ ਹੁੰਦਿਆਂ ਸਾਰ ਪੰਜਾਂ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦੌਰਾਨ ਹਿੰਦੀ ਪੱਟੀ ਵਾਲੇ ਤਿੰਨ ਰਾਜਾਂ ਵਿੱਚ ਜਿੱਦਾਂ ਦੀਆਂ ਸਰਕਾਰਾਂ ਬਣੀਆਂ ਤੇ ਅੱਗੇ ਲਿਆਂਦੇ ਗਏ ਨਵੇਂ ਚਿਹਰੇ ਜਿੱਦਾਂ ਦੇ ਹਨ, ਇਨ੍ਹਾਂ ਨੇ ਲੋਕਤੰਤਰ ਦੀ ਇੱਕ ਅਜਿਹੀ ਵੰਨਗੀ ਦੇ ਸੰਕੇਤ ਵੀ ਦੇ ਦਿੱਤੇ ਹਨ, ਜਿਸ ਬਾਰੇ ਅਜੇ ਤੱਕ ਸਾਡੇ ਵਿੱਚੋਂ ਕਦੀ ਕਿਸੇ ਨੇ ਸੋਚਿਆ ਹੀ ਨਹੀਂ ਹੋਣਾ।

ਇਸ ਨਵੇਂ ਤਜਰਬੇ ਦੀ ਸ਼ੁਰੂਆਤ ਨੌਂ ਕੁ ਸਾਲ ਪਹਿਲਾਂ ਹੋਈ ਸੀ, ਪਰ ਕਿਸੇ ਨੇ ਇਸ ਨੂੰ ਗੌਲਿਆ ਤੱਕ ਨਹੀਂ ਸੀ। ਓਦੋਂ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣੇ ਤਾਂ ਮਸਾਂ ਚਾਰ ਮਹੀਨਿਆਂ ਬਾਅਦ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਭਾਜਪਾ ਦੀ ਜਿੱਤ ਹੋ ਗਈ। ਉਸ ਰਾਜ ਦੀਆਂ ਨੱਬੇ ਵਿੱਚੋਂ ਅੱਧੀਆਂ ਟੱਪਦੇ ਸਾਰੇ ਜਿਹੜੇ ਵੱਡੇ ਆਗੂ ਮੁੱਖ ਮੰਤਰੀ ਅਹੁਦੇ ਲਈ ਦਾਅਵੇਦਾਰ ਬਣਦੇ ਸਨ, ਉਹ ਸਾਰੇ ਪਿੱਛੇ ਧੱਕ ਕੇ ਮਨੋਹਰ ਲਾਲ ਖੱਟਰ ਨੂੰ ਇਹ ਕੁਰਸੀ ਮਿਲ ਗਈ ਸੀ, ਜਿਸ ਨੂੰ ਕਦੀ ਕਿਸੇ ਨੇ ਰਾਜਸੀ ਆਗੂ ਵਜੋਂ ਗੌਲਿਆ ਵੀ ਨਹੀਂ ਸੀ। ਬਹੁਤੇ ਲੋਕਾਂ ਨੂੰ ਇਹ ਜਾਣਕਾਰੀ ਸ਼ਾਇਦ ਨਾ ਹੋਵੇ ਕਿ ਇਸ ਪਾਰਟੀ ਵਿੱਚ ਹਰ ਪੱਧਰ ਉੱਤੇ ਇੱਕ ਜਥੇਬੰਦਕ ਸੈਕਟਰੀ ਹੁੰਦਾ ਹੈ, ਜਿਹੜਾ ਰਾਜਸੀ ਆਗੂ ਵਜੋਂ ਵਿਚਰਨ ਦੀ ਥਾਂ ਇੱਕ ਸਿਧਾਂਤਕਾਰ ਅਤੇ ਮਾਰਗ-ਦਰਸ਼ਕ ਦੀ ਭੂਮਿਕਾ ਨਿਭਾਉਂਦਾ ਹੈ ਅਤੇ ਉਹ ਆਰ ਐੱਸ ਐੱਸ ਦਾ ਪ੍ਰਤੀਨਿਧ ਮੰਨਿਆ ਜਾਂਦਾ ਹੈ। ਮਨੋਹਰ ਲਾਲ ਖੱਟਰ ਉਸ ਵਕਤ ਹਰਿਆਣਾ ਦੀ ਭਾਜਪਾ ਵਿੱਚ ਇਹੋ ਜ਼ਿੰਮੇਵਾਰੀ ਸੰਭਾਲ ਰਹੇ ਸਨ। ਅਚਾਨਕ ਮਿਲੀ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਬਾਰੇ ਕਿਹਾ ਜਾਣ ਲੱਗਾ ਕਿ ਉਹ ਸੰਭਾਲ ਨਹੀਂ ਸਕੇਗਾ, ਪਰ ਰਾਜ ਚਲਾਉਣ ਦਾ ਜ਼ਿੰਮਾ ਉਸ ਦਾ ਕਦੇ ਸੀ ਨਹੀਂ, ਕੇਂਦਰ ਵਿੱਚ ਨਵੀਂ ਉੱਭਰੀ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਵਾਲੀ ਲੀਡਰਸ਼ਿਪ ਨੇ ਸੇਵਾਮੁਕਤ ਜਾਂ ਸੇਵਾ ਕਰਦੇ ਅਫਸਰਾਂ ਤੋਂ ਰਾਜ ਚਲਵਾ ਲਿਆ ਸੀ। ਇਹ ਇੱਕ ਤਜਰਬਾ ਸਫਲ ਹੋਇਆ ਤਾਂ ਉੱਤਰ ਪ੍ਰਦੇਸ਼ ਵਿੱਚ ਲਾਗੂ ਕੀਤਾ ਗਿਆ ਅਤੇ ਉਸ ਦੀ ਕਾਮਯਾਬੀ ਪਿੱਛੋਂ ਇਸ ਵਾਰੀ ਤਿੰਨ ਹੋਰ ਰਾਜਾਂ ਤੱਕ ਚਲਾ ਗਿਆ ਹੈ।

ਨੌਂ ਸਾਲ ਪਹਿਲਾਂ ਭਾਰਤ ਦੀ ਕਮਾਨ ਭਾਜਪਾ ਦੇ ਹੱਥ ਆਉਣ ਮਗਰੋਂ ਜਦੋਂ ਉੱਤਰ ਪ੍ਰਦੇਸ਼ ਵਿੱਚ ਆਸ ਤੋਂ ਬਾਹਰੀ ਜਿੱਤ ਹੋਈ ਤਾਂ ਓਥੇ ਵੱਡੀ ਕੁਰਸੀ ਦੇ ਕਈ ਦਾਅਵੇਦਾਰ ਸਨ। ਯੋਗੀ ਆਦਿੱਤਿਆਨਾਥ ਦਾ ਗੁਣਾ ਇਸ ਕਾਰਨ ਨਹੀਂ ਪਿਆ ਸੀ ਕਿ ਉਹ ਭਾਜਪਾ ਦੇ ਪੱਕੇ ਵਫਾਦਾਰ ਸਨ, ਸਗੋਂ ਕੱਟੜ ਹਿੰਦੂ ਆਗੂ ਵਜੋਂ ਉਨ੍ਹਾ ਦੀ ਦਿੱਖ ਭਾਜਪਾ ਲੀਡਰਸ਼ਿਪ ਨੂੰ ਵੀ ਅੱਖਾਂ ਦਿਖਾਉਣ ਵਾਲੀ ਸੀ। ਇੱਕ ਮੌਕੇ ਭਾਜਪਾ ਦੀ ਕੌਮੀ ਕਾਰਜਕਾਰਨੀ ਦੀ ਲਖਨਊ ਵਿੱਚ ਮੀਟਿੰਗ ਹੁੰਦੀ ਦੇ ਬਰਾਬਰ ਉਸ ਨੇ ਗੋਰਖਪੁਰ ਵਿੱਚ ਆਪਣੀ ਜਥੇਬੰਦੀ ਦੀ ਮੀਟਿੰਗ ਰੱਖ ਲਈ ਤੇ ਏਦਾਂ ਹੀ ਸਾਲ 2002 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਉਸ ਨੇ ਭਾਜਪਾ ਉਮੀਦਵਾਰ ਦੇ ਮੁਕਾਬਲੇ ਹਿੰਦੂ ਮਹਾਂ ਸਭਾ ਵੱਲੋਂ ਉਮੀਦਵਾਰ ਖੜਾ ਕਰ ਕੇ ਨਤੀਜੇ ਵਿੱਚ ਭਾਜਪਾ ਉਮੀਦਵਾਰ ਨੂੰ ਤੀਸਰੀ ਥਾਂ ਧੱਕ ਕੇ ਆਪਣਾ ਬੰਦਾ ਓਥੋਂ ਜਿਤਾ ਲਿਆ ਸੀ। ਜਦੋਂ 2017 ਵਿੱਚ ਭਾਜਪਾ ਦੀ ਉੱਤਰ ਪ੍ਰਦੇਸ਼ ਵਿੱਚ ਵੱਡੀ ਜਿੱਤ ਹੋਈ ਤਾਂ ਉਸ ਨੇ ਯੋਗੀ ਆਦਿੱਤਿਆਨਾਥ ਨੂੰ ਮੁੱਖ ਮੰਤਰੀ ਇਸ ਲਈ ਬਣਾਇਆ ਕਿ ਜੇ ਨਾ ਬਣਾਉਂਦੇ ਤਾਂ ਉਹ ਜਲਵਾ ਵਿਖਾ ਸਕਦਾ ਸੀ, ਪਰ ਉਸ ਦੇ ਨਾਲ ਦੋ ਡਿਪਟੀ ਮੁੱਖ ਮੰਤਰੀ ਲਾ ਦਿੱਤੇ ਸਨ ਤੇ ਦੋਵੇਂ ਉਹ ਆਗੂ ਲਾਏ ਸਨ, ਜਿਨ੍ਹਾਂ ਦੀ ਆਪਸ ਵਿੱਚ ਨਹੀਂ ਸੀ ਬਣਦੀ ਤੇ ਯੋਗੀ ਨਾਲ ਵੀ ਨਹੀਂ ਸੀ। ਏਦਾਂ ਕਰਨ ਦਾ ਕਾਰਨ ਪਿੱਛੋਂ ਚਰਚਾ ਵਿੱਚ ਆਇਆ ਸੀ ਕਿ ਤਿੰਨਾਂ ਦੀ ਆਪੋ ਵਿੱਚ ਅਣਬਣ ਜਾਰੀ ਰਹਿਣ ਕਾਰਨ ਹਰ ਵਾਰੀ ਕੇਂਦਰੀ ਲੀਡਰਸ਼ਿਪ ਨੂੰ ਨਿਬੇੜਾ ਕਰਨ ਦੇ ਬਹਾਨੇ ਉਨ੍ਹਾਂ ਉੱਤੇ ਆਪਣਾ ਕੁੰਡਾ ਰੱਖਣ ਦਾ ਮੌਕਾ ਹਾਸਲ ਹੁੰਦਾ ਰਹਿੰਦਾ ਸੀ। ਚਲੰਤ ਸਾਲ ਵਿੱਚ ਜਦੋਂ ਤਿੰਨ ਹਿੰਦੀ-ਭਾਸ਼ੀ ਰਾਜਾਂ ਵਿੱਚ ਭਾਜਪਾ ਦੀ ਤਕੜੀ ਜਿੱਤ ਹੋਈ ਤਾਂ ਵੱਡੇ ਰਸੂਖਦਾਰ ਸਥਾਨਕ ਆਗੂ ਪਾਸੇ ਧੱਕੇ ਅਤੇ ਉਹ ਜੂਨੀਅਰ ਆਗੂ ਅੱਗੇ ਕਰ ਦਿੱਤੇ ਹਨ, ਜਿਹੜੇ ਨਿਮਾਣੇ ਜਿਹੇ ਹੋਣ ਕਾਰਨ ਹਰ ਗੱਲ ਵਿੱਚ ਦਿੱਲੀ ਵਿੱਚ ਬੈਠੀ ਕੇਂਦਰੀ ਲੀਡਰਸ਼ਿਪ ਦਾ ਇਸ਼ਾਰਾ ਉਡੀਕਦੇ ਰਿਹਾ ਕਰਨ ਅਤੇ ਸਿਰ ਚੁੱਕਣ ਦਾ ਖਤਰਾ ਨਾ ਰਹੇ। ਕੇਂਦਰ ਦੀ ਲੀਡਰਸ਼ਿਪ ਨੇ ਏਦਾਂ ਕਰਨ ਲਈ ਨਵਿਆਂ ਦਾ ਨਾਂਅ ਵੀ ਪੁਰਾਣਿਆਂ ਆਗੂਆਂ ਤੋਂ ਪੇਸ਼ ਕਰਵਾ ਕੇ ਕਮਾਲ ਕਰ ਦਿੱਤੀ ਹੈ।

ਇਸ ਤਰ੍ਹਾਂ ਭਾਜਪਾ ਨੇ ਇੱਕੋ ਕਦਮ ਨਾਲ ਕਈ ਮਸਲੇ ਹੱਲ ਕਰ ਲਏ ਹਨ। ਪਹਿਲਾ ਤਾਂ ਇਹ ਕਿ ਇਨ੍ਹਾਂ ਰਾਜਾਂ ਦੇ ਪੁਰਾਣੇ ਉਨ੍ਹਾਂ ਆਗੂਆਂ ਨੂੰ ਕਿਨਾਰੇ ਕਰ ਦਿੱਤਾ ਹੈ, ਜਿਹੜੇ ਸੀਨੀਅਰ ਹੋਣ ਕਾਰਨ ਆਪਣੇ-ਆਪ ਨੂੰ ਓਥੇ ਰਾਜ ਕਰਨ ਦੇ ਹੱਕਦਾਰ ਵਜੋਂ ਪੇਸ਼ ਕਰਨ ਤੋਂ ਨਹੀਂ ਸਨ ਰਹਿੰਦੇ। ਛੱਤੀਸਗੜ੍ਹ ਵਿੱਚ ਪੰਦਰਾਂ ਸਾਲ ਰਾਜ ਕਰ ਚੁੱਕੇ ਸਾਬਕਾ ਮੁੱਖ ਮੰਤਰੀ ਰਮਨ ਸਿੰਘ ਨੂੰ ਤਾਂ ਆਰਾਮ ਨਾਲ ਵਿਧਾਨ ਸਭਾ ਦਾ ਸਪੀਕਰ ਬਣਨ ਲਈ ਮਨਾ ਲਿਆ ਗਿਆ, ਪਰ ਮੱਧ ਪ੍ਰਦੇਸ਼ ਵਿਚਲਾ ਕਰੀਬ ਅਠਾਰਾਂ ਸਾਲ ਰਾਜ ਕਰ ਚੁੱਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅੜੀ ਕਰਦਾ ਵੇਖ ਕੇ ਹਟਣ ਲਈ ਮਜਬੂਰ ਕੀਤਾ ਗਿਆ ਸੁਣੀਂਦਾ ਹੈ। ਅਸਲ ਵਿੱਚ ਕੀ ਹੋਇਆ, ਇਹ ਤਾਂ ਪਤਾ ਨਹੀਂ, ਪਰ ਜਿਸ ਨਵੇਂ ਮੁੱਖ ਮੰਤਰੀ ਨੂੰ ਮੱਧ ਪ੍ਰਦੇਸ਼ ਦੀ ਕਮਾਨ ਸੰਭਾਲੀ ਗਈ ਹੈ, ਉਸ ਨੂੰ ਤਾਂ ਮੰਤਰੀ ਵਜੋਂ ਕੁਝ ਨਾ ਕੁਝ ਤਜਰਬਾ ਹੈ, ਰਾਜਸਥਾਨ ਵਿੱਚ ਅਸਲੋਂ ਨਵਾਂ ਆਗੂ ਲਿਆਂਦਾ ਗਿਆ ਹੈ, ਜਿਸ ਨੂੰ ਏਦਾਂ ਦਾ ਕੋਈ ਤਜਰਬਾ ਹੀ ਨਹੀਂ। ਉਸ ਨੇ ਵੀਹ ਸਾਲ ਪਹਿਲਾਂ ਵਿਧਾਨ ਸਭਾ ਵਾਸਤੇ ਚੋਣ ਲੜੀ ਤਾਂ ਨਾਦਬਾਈ ਹਲਕੇ ਵਿੱਚ ਪੰਜਵੇਂ ਥਾਂ ਰਿਹਾ ਸੀ, ਐਤਕੀਂ ਪਹਿਲੀ ਵਾਰੀ ਅਸੈਂਬਲੀ ਦੀ ਦਹਿਲੀਜ਼ ਟੱਪਿਆ ਹੈ ਤੇ ਆਉਂਦੇ ਸਾਰ ਮੁੱਖ ਮੰਤਰੀ ਬਣ ਗਿਆ ਹੈ। ਕੋਈ ਪਿਛਲਾ ਤਜਰਬਾ ਨਹੀਂ ਤਾਂ ਕੋਈ ਫਰਕ ਨਹੀਂ ਪੈਂਦਾ, ਹਰਿਆਣਾ ਵਿੱਚ ਕੇਂਦਰ ਦੀ ਮਿਹਰ ਵਾਲੇ ਅਫਸਰਾਂ ਰਾਹੀਂ ਰਾਜ ਚਲਾਉਣ ਦਾ ਜਿਹੜਾ ਫਾਰਮੂਲਾ ਕਾਮਯਾਬ ਹੋ ਚੁੱਕਾ ਹੈ, ਉਹ ਇਸ ਰਾਜ ਵਿੱਚ ਵੀ ਕੰਮ ਦੇ ਸਕਦਾ ਹੈ ਅਤੇ ਏਦਾਂ ਦੇ ਬਾਕੀ ਕਈ ਰਾਜਾਂ ਵਿੱਚ ਵੀ ਵਰਤਿਆ ਜਾਣ ਵਾਲਾ ਹੋ ਸਕਦਾ ਹੈ। ਇਸ ਰਾਜ ਵਿੱਚ ਵੀ ਪਹਿਲੀ ਵਾਰੀ ਵਿਧਾਇਕ ਬਣੇ ਭਜਨ ਲਾਲ ਸ਼ਰਮਾ ਦਾ ਨਾਂਅ ਦੋ ਵਾਰ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਤੋਂ ਪੇਸ਼ ਕਰਵਾਇਆ ਗਿਆ ਹੈ ਅਤੇ ਨਾ ਚਾਹੁੰਦੇ ਹੋਏ ਵੀ ਉਸ ਨੂੰ ਇਹ ਬਦਮਜ਼ਾ ਭੂਮਿਕਾ ਅਦਾ ਕਰਨੀ ਪਈ ਹੈ।

ਜਿਹੜੀ ਗੱਲ ਇਨ੍ਹਾਂ ਤਿੰਨਾਂ ਰਾਜਾਂ ਵਿੱਚ ਸਾਂਝੀ ਹੈ, ਉਹ ਇਹ ਕਿ ਉੱਤਰ ਪ੍ਰਦੇਸ਼ ਵਿੱਚ ਯੋਗੀ ਆਦਿੱਤਿਆਨਾਥ ਨੂੰ ਮੁੱਖ ਮੰਤਰੀ ਬਣਾਉਣ ਵੇਲੇ ਜਿਵੇਂ ਦੋ ਡਿਪਟੀ ਮੁੱਖ ਮੰਤਰੀ ਉਸ ਨਾਲ ਲਾਏ ਸਨ, ਓਸੇ ਤਰ੍ਹਾਂ ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਵੀ ਦੋ-ਦੋ ਡਿਪਟੀ ਮੁੱਖ ਮੰਤਰੀ ਬਣਾ ਦਿੱਤੇ ਗਏ ਹਨ। ਅਗਲੀ ਗੱਲ ਇਹ ਕਿ ਇਹ ਡਿਪਟੀ ਮੁੱਖ ਮੰਤਰੀ ਮੱਧ ਪ੍ਰਦੇਸ਼ ਵਿੱਚ ਤਾਂ ਮੁੱਖ ਮੰਤਰੀ ਦੇ ਮੁਕਾਬਲੇ ਭਾਰੂ ਹੋ ਸਕਣ ਵਾਲੇ ਸ਼ਾਇਦ ਨਹੀਂ ਲੱਗਦੇ, ਬਾਕੀ ਦੋਵਾਂ ਰਾਜਾਂ ਵਿੱਚ ਮੁੱਖ ਮੰਤਰੀ ਤੋਂ ਵੱਧ ਤਜਰਬੇ ਵਾਲੇ ਹੋਣ ਕਾਰਨ ਆਪਣੀ ਹੈਸੀਅਤ ਵਿਖਾਉਣੋਂ ਨਹੀਂ ਰਹਿਣਗੇ। ਇਸ ਦੇ ਬਾਅਦ ਓਥੇ ਸ਼ਖਸੀਅਤਾਂ ਦਾ ਜਿਹੜਾ ਜ਼ਾਹਰ ਤੌਰ ਉੱਤੇ ਜਾਂ ਅੰਦਰ-ਖਾਤੇ ਦਾ ਟਕਰਾਅ ਹੋਵੇਗਾ, ਉਹ ਕੇਂਦਰੀ ਲੀਡਰਸ਼ਿਪ ਦੇ ਲਗਾਤਾਰ ਦਖਲ ਦਾ ਰਾਹ ਖੋਲ੍ਹਦਾ ਰਹੇਗਾ ਤੇ ਤਿੰਨੇ ਆਗੂ ਉਸ ਰਾਜ ਵਿੱਚ ਘੱਟ ਤੇ ਦਿੱਲੀ ਦਰਬਾਰ ਵਿੱਚ ਵੱਧ ਦਿਖਾਈ ਦਿੱਤਿਆਂ ਕਰਨਗੇ ਤੇ ਰਾਜ ਪ੍ਰਬੰਧ ਦਿੱਲੀ ਦੀ ਕ੍ਰਿਪਾ ਵਾਲੇ ਅਫਸਰ ਚਲਾਈ ਜਾਣਗੇ। ਉੱਤਰ ਪ੍ਰਦੇਸ਼ ਦੀ ਹਾਲਤ ਤਾਂ ਲੀਡਰਾਂ ਦੇ ਟਕਰਾਅ ਕਾਰਨ ਇੱਕ ਵਾਰੀ ਬਹੁਤ ਦੂਰ ਤੱਕ ਪਹੁੰਚ ਗਈ ਸੀ। ਉਹਨੀਂ ਦਿਨੀਂ ਉਸ ਰਾਜ ਵਿੱਚ ਇੱਕ ਡਿਪਟੀ ਮੁੱਖ ਮੰਤਰੀ ਦੇ ਪੁੱਤਰ ਦਾ ਵਿਆਹ ਹੋਇਆ ਤਾਂ ਉਹ ਯੋਗੀ ਆਦਿੱਤਿਆਨਾਥ ਨੂੰ ਸੱਦਾ ਪੱਤਰ ਦੇ ਆਇਆ ਸੀ, ਪਰ ਦੋਵਾਂ ਦੇ ਸਰਕਾਰੀ ਘਰ ਨਾਲ ਲੱਗਵੇਂ ਹੋਣ ਦੇ ਬਾਵਜੂਦ ਯੋਗੀ ਜੀ ਉਸ ਵਿਆਹ ਵਿੱਚ ਵੀ ਨਹੀਂ ਸੀ ਗਏ ਅਤੇ ਫਿਰ ਕਈ ਹਫਤੇ ਪਿੱਛੋਂ ਦਿੱਲੀ ਦੇ ਲੀਡਰਾਂ ਨੇ ਕਿਹਾ ਤਾਂ ਨਵੀਂ ਵਿਆਹੀ ਜੋੜੀ ਨੂੰ ਸ਼ਗਨ ਪਾਉਣ ਗਏ ਸਨ। ਚਰਚਾ ਇਸ ਹੱਦ ਤੱਕ ਚਲੀ ਗਈ ਸੀ ਕਿ ਭਾਜਪਾ ਨਾਲ ਨੇੜ ਰੱਖਦੇ ਮੀਡੀਆ ਚੈਨਲ ਉੱਤਰ ਪ੍ਰਦੇਸ਼ ਵਿੱਚ ਲੀਡਰਸ਼ਿਪ ਬਦਲਣ ਬਾਰੇ ਵੀ ਖਬਰਾਂ ਦੇਣ ਲੱਗ ਪਏ ਸਨ। ਉਨ੍ਹਾਂ ਖਬਰਾਂ ਅਤੇ ਕੇਂਦਰੀ ਲੀਡਰਸ਼ਿਪ ਦੇ ਦਬਾਅ ਹੇਠ ਫਿਰ ਸਮਝੌਤਾ ਹੋ ਗਿਆ ਸੀ।

ਉਹੀ ਜਿਹੜਾ ਫਾਰਮੂਲਾ ਉੱਤਰ ਪ੍ਰਦੇਸ਼ ਵਿੱਚ ਆਪੋ ਵਿੱਚ ਲੜੀ ਜਾਣ ਵਾਲੇ ਤਿੰਨ ਲੀਡਰਾਂ ਨੂੰ ਅੱਗੇ ਲਾਉਣ ਅਤੇ ਦਿੱਲੀ ਵਿਚਲੀ ਕੇਂਦਰੀ ਲੀਡਰਸ਼ਿਪ ਦੇ ਦਖਲ ਦਾ ਰਾਹ ਖੁੱਲ੍ਹਾ ਰੱਖਣ ਲਈ ਕਾਮਯਾਬ ਰਿਹਾ ਸੀ, ਉਹ ਦਸੰਬਰ ਦੀ ਜਿੱਤ ਵਾਲੇ ਤਿੰਨਾਂ ਰਾਜਾਂ ਵਿੱਚ ਨਵੀਂ ਲੀਡਰਸ਼ਿਪ ਦੇ ਮਾਮਲੇ ਵਿੱਚ ਵਰਤਿਆ ਗਿਆ ਹੈ। ਵੇਖਣ ਨੂੰ ਇਹ ਭਾਜਪਾ ਦੇ ਅੰਦਰ ਦਾ ਮਾਮਲਾ ਲੱਗਦਾ ਹੈ, ਪਰ ਅਸਲ ਵਿੱਚ ਇਹ ਅੰਦਰ ਦਾ ਮਾਮਲਾ ਓਨਾ ਨਹੀਂ, ਜਿੰਨਾ ਦੇਸ਼ ਵਿੱਚ ਰਾਜ ਪੱਧਰ ਦਾ ਪ੍ਰਬੰਧ ਵੀ ਕੇਂਦਰ ਦੀ ਕਮਾਨ ਹੇਠ ਲਿਆਉਣ ਦਾ ਪ੍ਰਤੀਕ ਹੈ। ਇਸ ਤੋਂ ਬਾਅਦ ਹਰ ਵਾਰੀ ਰਾਜਾਂ ਵਿੱਚ ਨੇਤਾ ਬਦਲਣ ਅਤੇ ਹਰ ਥਾਂ ਤਜਰਬੇ ਤੋਂ ਸੱਖਣੇ ਜਾਂ ਨਵ-ਸਿੱਖਿਅਤ ਨੇਤਾ ਅੱਗੇ ਲਾ ਕੇ ਦਿੱਲੀ ਤੋਂ ਰਾਜ ਚਲਾਉਣ ਨਾਲ ਲੋਕਤੰਤਰ ਨੂੰ ਕੇਂਦਰੀਕ੍ਰਿਤ ਕਰਨ ਦੇ ਰਾਹ ਉੱਤੇ ਪਹਿਲਾ ਕਦਮ ਹੈ। ਚਾਲੀ ਕੁ ਸਾਲ ਪਹਿਲਾਂ ਨਵੀਂ ਬਣਾਈ ਭਾਰਤੀ ਜਨਤਾ ਪਾਰਟੀ ਜਦੋਂ ਰਾਜਨੀਤੀ ਦੀਆਂ ਹੋਰਨਾਂ ਧਿਰਾਂ ਦੀ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ ਨਾਲੋਂ ਵੱਖਰੀ ਸੁਰ ਕੱਢਦੀ ਅਤੇ ਕੇਂਦਰ ਨੂੰ ਹੋਰ ਤਕੜਾ ਕਰਨ ਦੀ ਗੱਲ ਕਰਦੀ ਸੀ ਤਾਂ ਕਿਸੇ ਨੂੰ ਉਸ ਦੀ ਭਵਿੱਖ ਨੀਤੀ ਸਮਝ ਨਹੀਂ ਸੀ ਆ ਸਕਦੀ, ਤਾਜ਼ਾ ਹਾਲਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਸ ਦੇ ਭਵਿੱਖ-ਨਕਸ਼ੇ ਦੇ ਭਾਰਤ ਦਾ ਲੋਕਤੰਤਰ ਇੱਕ ਕੇਂਦਰੀਕ੍ਰਿਤ ਰਾਜ ਪ੍ਰਬੰਧ ਹੋਵੇਗਾ। ਉਨ੍ਹਾਂ ਦੀ ਪੁਰਾਣੀ ਧਾਰਨਾ ਹੈ ਕਿ ਜਦੋਂ-ਜਦੋਂ ਭਾਰਤ ਵਿੱਚ ਸੂਬਿਆਂ ਦੇ ਹਾਕਮ ਕੇਂਦਰ ਨੂੰ ਅੱਖਾਂ ਵਿਖਾਉਣ ਜੋਗੇ ਹੋਏ, ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਢਾਹ ਲੱਗਦੀ ਰਹੀ ਹੈ ਅਤੇ ਇੱਕਮੁੱਠਤਾ ਅਤੇ ਅਖੰਡਤਾ ਕਾਇਮ ਰੱਖਣੀ ਹੈ ਤਾਂ ਪਾਰਟੀ ਭਾਵੇਂ ਕੋਈ ਵੀ ਰਾਜ ਕਰੇ, ਕੇਂਦਰ ਸਰਕਾਰ ਮਜ਼ਬੂਤ ਚਾਹੀਦੀ ਹੈ। ਅਸੀਂ ਇਸ ਗੱਲ ਵਿੱਚ ਨਹੀਂ ਪੈ ਰਹੇ ਕਿ ਇਹ ਠੀਕ ਜਾਂ ਗਲਤ ਕਿੰਨਾ ਹੈ, ਸਿਰਫ ਇਹ ਸਮਝ ਸਕਦੇ ਹਾਂ ਕਿ ਭਾਰਤ ਵਿੱਚ ਲੋਕਤੰਤਰ ਦੀ ਵੰਨਗੀ ਬਦਲ ਰਹੀ ਹੈ।

ਪਾਰਲੀਮੈਂਟ 'ਚ ਰੰਗਦਾਰ 'ਸਮੋਕ ਬੰਬ' ਹਮਲਾ

ਸੁਲਝਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਸਭ ਤੋਂ ਪਹਿਲੀ ਅਤੇ ਵੱਡੀ ਗੱਲ ਇਹ ਹੈ ਕਿ ਤੇਰਾਂ ਤਾਰੀਖ ਨੂੰ ਜੋ ਪਾਰਲੀਮੈਂਟ ਹਾਊਸ ਵਿੱਚ ਬੇਰੁਜ਼ਗਾਰਾਂ ਵੱਲੋਂ ਪਾਰਲੀਮੈਂਟ ਦੇ ਅੰਦਰ ਅਤੇ ਬਾਹਰ ਐਕਸ਼ਨ ਕੀਤਾ ਗਿਆ, ਉਹ ਬਿਨਾਂ ਜਾਨੀ ਨੁਕਸਾਨ ਤੋਂ ਹੋ ਨਿੱਬੜਿਆ। ਜਾਨੀ ਨੁਕਸਾਨ ਤੋਂ ਬਹੁਤ ਛੋਟਾ ਅਤੇ ਬੇਰੁਜ਼ਗਾਰ ਨੌਜਵਾਨ ਆਪਣੀਆਂ ਮੰਗਾਂ ਨੂੰ ਦੇਸ਼ ਦੇ ਚਾਰੋਂ ਕੋਨਿਆਂ ਤੱਕ ਪਹੁੰਚਾਉਣ 'ਚ ਸੌ

17-Dec-Sunday.qxd 12/16/2023 10:45 PM Page 4

ਹਾਕਮ ਦੀ ਅੱਖ 'ਚ ਅੱਖ ਪਾ ਕੇ ਗੱਲ ਕਰਦੀ ਕਵਿਤਾ



ਕਿਤਾਬ ਦੀ

ਪਰਖ ਪੜਚੋਲ

ਨਵਤੇਜ ਗੜ੍ਹਦੀਵਾਲ਼ਾ

ਸ਼ਬਦ-ਸ਼ਬਦ ਗੁਲਾਬ

(ਕਾਵਿ-ਸੰਗ੍ਰਹਿ)
ਪੰਨੇ : 112, ਕੀਮਤ : 150 ਰੁਪਏ
ਅਮਰੀਕ ਡੋਗਰਾ
ਪੰਜ ਆਬ, ਪ੍ਰਕਾਸ਼ਨ

ਸਾਹਿਤ ਕੈਸਾ ਹੋਣਾ ਚਾਹੀਦਾ ਹੈ? ਇਹ ਪ੍ਰਸ਼ਨ ਸਾਹਿਤ ਸਿਰਜਣਾ ਦੇ ਮੁੱਢ ਤੋਂ ਹੀ ਸਿਰਜਕ ਦੇ ਮਨ ਵਿੱਚ ਜਾਗ੍ਰਿਤ ਰਿਹਾ ਹੈ। ਮੱਧਕਾਲੀਨ ਪੰਜਾਬੀ ਕਵਿਤਾ ਦੇ ਕੇਂਦਰ ਵਿੱਚ ਵੀ ਇਹ ਪ੍ਰਸ਼ਨ ਪ੍ਰਮੁੱਖ ਸੀ। ਮਹਾਨ ਸਿਰਜਣਹਾਰਾਂ ਨੇ ਇਸ ਨੂੰ ਉਠਾਇਆ ਵੀ ਅਤੇ ਇਸ ਦੇ ਜਵਾਬ ਵਜੋਂ ਹੀ ਆਪਣੀ ਸਿਰਜਣਾਤਮਿਕਤਾ ਦੇ ਰੱਥ ਨੂੰ ਦਾਰਿਦ ਮਨੁੱਖ ਦੀ ਕਸ਼ਟ-ਮੁਕਤੀ ਲਈ ਪੂਰਨ ਤਾਕਤ ਨਾਲ਼ ਤੋਰਿਆ। ਹਰ ਕਵੀ ਕੋਲ਼ ਇੱਕ ਸੱਚ ਹੁੰਦਾ ਹੈ ਅਤੇ ਉਹ ਆਪਣੀ ਸਮਰੱਥਾ ਅਨੁਸਾਰ

ਉਸ ਨੂੰ ਸ਼ਾਬਦਿਕ ਜਾਮਾ ਪਹਿਨਾਉਂਦਾ ਹੈ। ਪਾਠਕਾਂ ਦੀ ਦਹਿਲੀਜ਼ 'ਤੇ ਆਪਣਾ ਨੌਵਾਂ ਕਾਵਿ-ਸੰਗ੍ਰਹਿ 'ਸ਼ਬਦ-ਸ਼ਬਦ ਗੁਲਾਬ' ਲੈ ਕੇ ਖੜ੍ਹਾ ਅਮਰੀਕ ਡੋਗਰਾ 'ਕਵਿਤਾ ਲਿਖਣਾ', 'ਕੁਝ ਲੋਕ ਨਜ਼ਮਾਂ ਜਿਊਂਦੇ ਨੇ', 'ਤੇਗ ਦਾ ਚਾਨਣ', 'ਨਜ਼ਮ ਲਿਖੀ ਨਹੀਂ ਜਾਂਦੀ' ਆਦਿ ਕਵਿਤਾਵਾਂ ਸਿਰਜਦਿਆਂ ਆਪਣੀ ਰਚਨਾ ਦੇ ਸੱਚ ਸੰਬੰਧੀ ਇਸ਼ਾਰਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਦਾ ਮੰਨਣਾ ਹੈ ਕਿ ਕਵਿਤਾ ਦੀ ਮੁਢਲੀ ਜ਼ਿੰਮੇਵਾਰੀ ਜ਼ੁਲਮ 'ਤੇ ਵਾਰ ਕਰਨਾ ਹੈ। ਇਹ ਮੁਜਰੇ ਦਾ ਸ਼ੋਰ ਨਹੀਂ, ਸੁਹਾਗ ਦਾ ਗੀਤ ਬਣ ਕੇ ਮਾਨਵੀ ਕਲਿਆਣਕਾਰੀ ਏਜੰਡੇ ਦੀ ਧਾਰਨੀ ਹੋਣੀ ਚਾਹੀਦੀ ਹੈ। ਕਦੇ ਨਾ ਮਰਨ ਵਾਲ਼ੀ ਕਵਿਤਾ ਕੁਟਲ ਹਾਕਮਾਂ ਦੇ ਤਖ਼ਤਾਂ ਨੂੰ ਘੂਰਦੀ ਹੋਈ ਕਾਂਬਾ ਛੇੜਦੀ ਹੈ। ਕਦੇ ਐਲਾਨ ਕਰ ਕੇ ਕਵਿਤਾ ਨਹੀਂ ਲਿਖੀ ਜਾਂਦੀ, ਇਹ ਬਿਜਲੀ ਦੇ ਝਲ਼ਕਾਰੇ ਵਾਂਗ ਦਿਲ ਦੇ ਬੂਹੇ ਦਸਤਕ ਦਿੰਦੀ ਹੈ। ਇਸ ਦ੍ਰਿਸ਼ਟੀ ਤੋਂ ਇਕਤਾਲ਼ੀ ਗ਼ਜ਼ਲਾਂ ਅਤੇ ਇਕੱਤੀ ਕਵਿਤਾਵਾਂ ਦਾ ਇਹ ਸੰਗ੍ਰਹਿ ਭਾਰਤ ਦੀ ਵਰਤਮਾਨ ਸਮਾਜਕ/ ਰਾਜਨੀਤਕ ਤੇ ਧਾਰਮਿਕ ਪ੍ਰਸਥਿਤੀ ਦੇ ਪ੍ਰਸੰਗ ਵਿੱਚ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਧਰਤੀ ਉੱਤੇ ਇੱਕੋ ਸਮੇਂ ਦੋ ਦਿਨ, ਦੋ ਤਾਰੀਖ਼ਾਂ ਹੋ ਸਕਦੀਆਂ ਹਨ, ਪਰ ਸੱਚ ਸਦਾ ਇੱਕੋ ਹੀ ਹੋਵੇਗਾ, ਬਿਆਨ ਦਾ ਅੰਦਾਜ਼ ਵੱਖ ਹੋ ਸਕਦਾ ਹੈ। ਮੱਧਕਾਲੀ ਕਾਵਿ ਦਾ ਇੱਕ ਸੱਚ-

ਸੁਖ ਦੁਖ ਦੋਇ ਦਰ ਕਪੜਾ ਪਹਰਿ ਜਾਇ ਮਨੁੱਖ ॥
(ਗੁਰੂ ਨਾਨਕ ਦੇਵ ਜੀ)

ਵਿਚਾਰਾਧੀਨ ਸੰਗ੍ਰਹਿ ਦੀ ਪਹਿਲੀ ਗ਼ਜ਼ਲ ਦੇ ਮਤਲੇ ਵਿੱਚ ਸੰਗ੍ਰਹਿ ਦਾ ਨਾਂਅ 'ਸ਼ਬਦ-ਸ਼ਬਦ ਗੁਲਾਬ' ਇੱਕ ਜੀਵਨ-ਸੱਚ ਨੂੰ ਬਿਆਨ ਕਰਨ ਵਿੱਚ ਆਪਣੀ ਭੂਮਿਕਾ ਨਿਭਾਉਂਦਾ ਹੈ। ਦੋਵੇਂ 'ਸੱਚ' ਸਮਾਨ ਹਨ, ਫਰਕ ਕੇਵਲ ਸ਼ਾਬਦਿਕ ਜਾਮੇ/ਅੰਦਾਜ਼ ਵਿੱਚ ਹੀ ਹੈ-

ਜਿਹਨੂੰ ਲੋਕ ਜ਼ਿੰਦਗੀ ਨੇ ਆਖਦੇ
ਉਹ ਬੜੀ ਅਜੀਬ ਕਿਤਾਬ ਹੈ
ਕਿਤੇ ਸ਼ਬਦ-ਸ਼ਬਦ ਇਹ ਖਾਰ ਹੈ
ਕਿਤੇ ਸ਼ਬਦ-ਸ਼ਬਦ ਗੁਲਾਬ ਹੈ।

'ਖਾਰ' ਦੁੱਖ ਅਤੇ 'ਗੁਲਾਬ' ਸੁੱਖ ਦਾ ਪ੍ਰਤੀਕ ਹੈ। ਮਸਲਾ ਕੁਦਰਤੀ/ ਰੱਬੀ ਦੁੱਖ ਦਾ ਨਹੀਂ, ਕਵੀ ਦੀ ਚਿੰਤਾ ਦਾ ਕੇਂਦਰ ਉਹ ਦੁੱਖ ਹੈ, ਜਿਸ ਨੂੰ ਸਥਾਪਤ ਸੱਤਾ ਪੈਦਾ ਕਰ ਕੇ ਰਈਅਤ ਦਾ ਜਿਊਣਾ ਮੁਹਾਲ ਕਰਦੀ ਹੈ। ਇਸ ਲਈ ਅਨਿਆਂ ਦਾ ਰੂਪ ਬਣ ਚੁੱਕੀ ਹਾਕਮੀ ਜਮਾਤ ਨੂੰ ਕਵੀ ਪੂਰੇ ਤਾਣ ਨਾਲ਼ ਨਿਸ਼ਾਨੇ 'ਤੇ ਲੈਂਦਾ ਹੈ ਅਤੇ ਉਸ ਨੂੰ ਰੋਹ ਭਰੀ ਉੱਚੀ ਸੁਰ ਵਿੱਚ ਮੁਖ਼ਾਤਬ ਹੁੰਦਾ ਹੈ। ਗ਼ਜ਼ਲਾਂ ਵਿੱਚ ਅਜਿਹਾ ਜ਼ਿਕਰ ਸੰਕੇਤਕ ਤੇ ਸੀਮਤ ਹੋਣਾ ਗ਼ਜ਼ਲ ਦੇ ਵਿਧਾਨ ਅਨੁਸਾਰ ਹੀ ਹੈ, ਪਰ ਕਵਿਤਾਵਾਂ ਵਿੱਚ ਇਸ ਦਾ ਖ਼ੂਬਸੂਰਤ ਵਿਸਥਾਰ ਮਿਲ਼ਦਾ ਹੈ। ਭਾਰਤੀ ਮਨੁੱਖ ਹਾਕਮਾਂ ਦੀ ਚੋਣ ਤਾਂ ਆਪਣੇ ਬਿਹਤਰ ਜੀਵਨ ਦੀ ਆਸ ਨਾਲ਼ ਕਰਦਾ ਹੈ, ਪਰ ਹਰ ਵਾਰ ਗੱਦੀ ਸੰਭਾਲ਼ਦੇ ਹੀ ਉਹ ਉਸ ਦੀਆਂ ਆਸਾਂ 'ਤੇ ਪਾਣੀ ਫੇਰਨ ਤੋਂ ਸੰਕੋਚ ਨਹੀਂ ਕਰਦੇ। ਉਹ ਹਿਟਲਰ ਜਾਂ ਨੀਰੋ ਬਣ ਕੇ ਉਸ ਦੇ ਖ਼ੂਨ ਵਿੱਚੋਂ ਨਸ਼ਈ ਪੀਂਘ ਝੂਟਦੇ ਹਨ। ਅੱਜ ਦੇ ਹਾਕਮ ਨੇ ਤਾਂ ਪਹਿਲਿਆਂ ਨਾਲ਼ੋਂ ਕਈ ਕਦਮ ਅਗਾਂਹ ਜਾ ਕੇ ਲੁੱਟਣ-ਲੁਟਾਉਣ ਦੀ ਕੁਟਲ ਖੇਡ ਖੇਡਦਿਆਂ ਸਾਡੇ ਉੱਤੇ ਗ਼ੁਲਾਮੀ ਦਾ ਜਾਲ਼ ਪਾਉਣ ਦੀ ਤਿਆਰੀ ਵਿੱਚ ਦੇਸ਼ ਦੀ ਆਜ਼ਾਦੀ ਹੀ ਖ਼ਤਰੇ ਵਿੱਚ ਪਾ ਦਿੱਤੀ ਹੈ-

ਉਸ ਸ਼ਖ਼ਸ ਦਾ ਦਾਅਵਾ ਹੈ, ਉਹ ਦੇਸ਼ ਦਾ ਰਾਖਾ ਹੈ
ਜਿਸ ਸ਼ਖ਼ਸ ਨੇ ਆਜ਼ਾਦੀ, ਮੁੜ ਖ਼ਤਰੇ 'ਚ ਪਾ ਦਿੱਤੀ।

(ਗ਼ਜ਼ਲ ਪੰਨਾ-13)

ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਅਜਿਹੀਆਂ ਹਨ, ਜੋ ਹਾਕਮੀ ਧੱਕੇਸ਼ਾਹੀ ਵਿੱਚੋਂ ਜਨਮ ਲੈਂਦੀਆਂ ਹਨ। ਕਵੀ 'ਪੰਜਾਬ ਦੇ ਪੁੱਤ' ਵਿੱਚ ਕਾਲ਼ੇ ਖੇਤੀਬਾੜੀ ਕਾਨੂੰਨਾਂ ਬਾਰੇ ਕਿਸਾਨੀ ਮੋਰਚੇ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਦਾ ਹੋਇਆ ਹਾਕਮ ਦੀ ਅੱਖ ਵਿੱਚ ਅੱਖ ਪਾ ਕੇ ਗੱਲ ਕਰਦਾ ਹੈ। ਹਾਕਮ ਆਪਣੀ ਕੁਟਲ ਨੀਤੀ ਦੁਆਰਾ ਪਰਦੇ ਵਿੱਚ ਦੇਸ਼ ਨੂੰ ਗਹਿਣੇ ਵੀ ਰੱਖ ਰਹੇ ਹਨ ਅਤੇ ਕਿਸਾਨਾਂ ਦੇ ਸਿਆੜਾਂ ਨੂੰ ਹਜ਼ਮ ਕਰ ਜਾਣ ਦੀ ਸਾਜ਼ਿਸ਼ ਵੀ ਰਚ ਰਹੇ ਹਨ। ਕਵੀ ਅੰਦਰ ਗੁੱਸੇ ਦੀ ਜਵਾਲਾ ਏਨੀ ਭੜਕਦੀ ਹੈ ਕਿ ਉਸ ਦੇ ਸ਼ਬਦ ਉਬਲਣ ਲੱਗਦੇ ਹਨ, ਕਿਉਂਕਿ ਉਸ ਦੇ ਮਨ ਵਿੱਚ ਸੈਂਕੜੇ ਸਾਲਾਂ ਤੋਂ ਦਿੱਲੀ ਵੱਲੋਂ ਪੈਂਦੀ ਮਾਰ ਦਾ ਸੋਕ ਅਕਹਿ ਤੇ ਅਸਿਹ ਹੈ। ਹਰ ਦੌਰ ਵਿੱਚ ਦਿੱਲੀ ਪੰਜਾਬ ਦੀ ਜਾਨ ਦੀ ਪਿਆਸੀ ਰਹੀ ਹੈ। ਕਵੀ ਦੀ ਨਜ਼ਰ ਵਿੱਚ ਦਿੱਲੀ ਵਿੱਚ ਬੈਠ ਕੇ ਭਾਰਤ 'ਤੇ ਰਾਜ ਕਰਨ ਵਾਲ਼ੇ ਮਨੁੱਖੀ ਜਾਮੇ ਵਿੱਚ ਕਾਤਲ ਹੀ ਨਿਕਲ਼ੇ ਹਨ। ਵਰਤਮਾਨ ਦੌਰ ਵਿੱਚ ਵੀ ਕੁਝ ਨਹੀਂ ਬਦਲਿਆ, ਕਵੀ ਦਾ ਹੁਣ ਵੀ ਮੰਨਣਾ ਹੈ-

ਉਸੇ ਦਿੱਲੀ 'ਚ ਅੱਜਕੱਲ੍ਹ ਕਾਤਲਾਂ ਦਾ ਰਾਜ ਚਲਦਾ ਹੈ,
ਹਰਿਕ ਘਰ ਕਬਰ ਹੈ ਹੁਣ ਤੇ ਸਿਵਾ ਹਰ ਘਰ 'ਚ ਬਲ਼ਦਾ ਹੈ।

(ਪੰਨਾ-52)

ਕਵੀ ਦਾ ਅਟੁੱਟ ਵਿਸ਼ਵਾਸ ਹੈ ਕਿ ਸਿੱਖ ਵਿਚਾਰਧਾਰਾ ਅਤੇ ਇਸ ਦੇ ਇਤਿਹਾਸ ਨਾਲ਼ ਜੁੜੇ ਜੁਝਾਰੂ ਦਿੱਲੀ ਨੂੰ ਝੁਕਾਉਂਦੇ ਰਹੇ ਹਨ ਅਤੇ ਝੁਕਾਉਂਦੇ ਰਹਿਣਗੇ।

ਪੰਜਾਬ ਨਾਲ਼ ਆਪਣੇ ਤਖ਼ਤਾਂ ਦੀ ਬੇਰੁਖੀ ਤੇ ਤਸ਼ੱਦਦ ਦਾ ਜ਼ਿਕਰ ਹੋਇਆ ਮਿਲ਼ਦਾ ਹੈ। ਭਾਵੇਂ ਕਵੀ ਕੋਈ ਕਾਰਨ ਬਿਆਨ ਨਹੀਂ ਕਰਦਾ, ਪਰ ਪੰਜਾਬ ਨਾਲ਼ ਦਿੱਲੀ ਦੀ ਦਿਲੋਂ ਨਿਰੰਤਰ ਇਤਿਹਾਸਕ ਕਰੂਰ ਖਹਿਬਾਜ਼ੀ ਬਾਰੇ ਉਹ ਬਹੁਤ ਸੁਚੇਤ ਹੈ। ਪੰਜਾਬ ਨਾਲ਼ ਧਾੜਵੀ ਵੀ ਖਹਿੰਦੇ ਰਹੇ, ਹਾਕਮ ਵੀ ਖਹਿੰਦੇ ਆਏ ਨੇ, ਖ਼ਤਰਾ ਤਾਂ ਹੁਣ ਵੀ ਬਰਕਰਾਰ ਹੈ। ਕਵੀ ਭਵਿੱਖਬਾਣੀ ਦੁਆਰਾ ਪੰਜਾਬ ਨੂੰ ਸੁਚੇਤ ਕਰਦਾ ਹੈ-

ਅੰਬਰ ਦੇ ਇਸ ਚੰਦੋਏ 'ਤੇ ਜ਼ਖ਼ਮਾਂ ਦੀ ਕਢਾਈ ਹੋਵੇਗੀ,
ਲੱਗਦੈ ਪੰਜਾਬ ਤੇ ਦਿੱਲੀ ਦੀ ਹੁਣ ਫੇਰ ਲੜਾਈ ਹੋਵੇਗੀ।

(ਪੰਨਾ-61)

ਕਾਰਨ ਤਾਂ ਏਨਾ ਕੁ ਹੀ ਹੈ ਕਿ ਪੰਜਾਬ ਦੇ ਅਣਖੀ ਸਿਰ ਨੇ ਕਿਸੇ ਨਾਲ਼ ਕਦੇ ਗੁਪਤ ਸਮਝੌਤਾ ਨਹੀਂ ਕੀਤਾ ਅਤੇ ਨਾ ਹੀ ਕਦੇ ਕਿਸੇ ਅੱਗੇ ਇਹ ਐਵੇਂ ਝੁਕਿਆ ਹੈ। ਰਾਜਨੀਤਕ ਕੁਟਲ ਚਾਲ ਨੇ ਨਾ ਦੇਸ਼ ਦਾ ਸਿਰ ਉੱਚਾ ਹੋਣ ਦਿੱਤਾ ਹੈ ਅਤੇ ਨਾ ਹੀ ਸੁਤੰਤਰਤਾ ਲਈ ਹੋਏ ਸ਼ਹੀਦਾਂ ਅਤੇ ਉਨ੍ਹਾਂ ਦੇ ਸਾਥੀਆਂ ਦਾ ਸਤਿਕਾਰ ਰਹਿਣ ਦਿੱਤਾ ਹੈ। ਕਵੀ ਗਰਜਵੀਂ ਆਵਾਜ਼ ਵਿੱਚ ਲਲਕਾਰਦਾ ਹੋਇਆ ਅਨਿਆਂ ਦਾ ਰੂਪ ਬਣ ਚੁੱਕੇ ਹਾਕਮਾਂ ਨੂੰ ਖ਼ਬਰਦਾਰ ਕਰਦਾ ਹੈ-

ਸਮਾਂ ਜਦ ਫੈਸਲਾ ਕਰਦਾ ਕਦੋਂ ਪੁੱਛਦਾ ਗਵਾਹਾਂ ਨੂੰ,
ਮੈਂ ਇਹ ਗੱਲ ਦੱਸਣੀ ਚਾਹੁੰਨਾ ਇਨ੍ਹਾਂ ਸੰਸਦ ਦੇ ਸ਼ਾਹਾਂ ਨੂੰ।

(ਗ਼ਜ਼ਲ ਪੰਨਾ-9)

ਭਾਰਤੀ ਇਤਿਹਾਸ ਸੈਂਕੜੇ ਸਾਲਾਂ ਤੋਂ ਇਸ ਹਕੀਕਤ ਦਾ ਚਸ਼ਮਦੀਦ ਗਵਾਹ ਹੈ ਕਿ ਤਖ਼ਤ ਤੇ ਧਰਮ ਦੀ ਸਾਜ਼ਿਸ਼ੀ ਭਿਆਲ਼ੀ ਨੇ ਸਮਾਜ ਦੇ ਵਡੇਰੇ ਨਿਮਨ ਭਾਗ ਨੂੰ ਜ਼ਿੰਦਗੀ ਦੇ ਲੋੜੀਂਦੇ ਹੱਕਾਂ ਤੋਂ ਵੰਚਿਤ ਰੱਖਿਆ ਹੈ।ਦੋਹਾਂ ਦੀ ਜੋਟੀ ਸਵਾਰਥ ਪੂਰਤੀ ਲਈ ਨਿਮਾਣਿਆਂ ਦੀ ਰੱਤ ਚੂਸਣ ਲਈ ਅੜੀ/ ਖੜ੍ਹੀ ਰਹੀ ਹੈ। ਅੱਜ ਦਾ ਦੌਰ ਅਸੀਂ ਅੱਖੀਂ ਦੇਖ ਹੀ ਰਹੇ ਹਾਂ। ਸੱਤਾ ਅਨੇਕਾਂ ਹੱਥਕੰਡੇ ਵਰਤ ਕੇ ਕਾਬਜ਼ ਰਹਿਣਾ ਚਾਹੁੰਦੀ ਹੋਈ ਚੋਣਵੇਂ ਵਰਗ ਉੱਤੇ ਤਸ਼ੱਦਦ ਕਰਨ ਤੱਕ ਜਾਂਦੀ ਹੈ। ਧਰਮ ਉਸ ਦਾ ਵੱਡਾ ਅਚੂਕ ਹਥਿਆਰ ਹੈ। ਕਵੀ ਧਰਮ ਦੀ ਚਾਦਰ ਓਢ ਕੇ ਤਖ਼ਤ ਨੱਪਣ ਵਾਲ਼ਿਆਂ ਨੂੰ ਪੁੱਛਦਾ ਹੈ ਕਿ ਕੀ ਤੁਹਾਡੇ ਰਾਜ ਵਿੱਚ ਵੰਚਿਤ ਮਨੁੱਖ ਦੀ ਝੋਲ਼ੀ ਵਿੱਚ ਵੀ ਕੁਝ ਪਏਗਾ-

ਤੁਸੀਂ ਚਾਹੁੰਦੇ ਹੋ ਆਵੇ ਰਾਮ-ਰਾਜ ਏਨਾ ਤਾਂ ਪਰ ਦੱਸੋ,
ਕੀ ਲੱਗਣਗੇ ਪਤਾਸੇ ਵੀ ਕਦੀ ਕਿੱਕਰਾਂ-ਫਲਾਹਾਂ ਨੂੰ।

(ਪੰਨਾ-9)

ਮਾਂ ਦੀ ਮਿਹਰ ਤੋਂ ਕੌਣ ਮੁਨਕਰ ਹੋ ਸਕਦਾ ਹੈ? ਮਾਂ ਨੂੰ ਕੋਈ ਭੁੱਲ ਸਕਦਾ ਹੈ? ਜਿਊਂਦੀ ਮਾਂ ਦਾ ਕੀ ਕਹਿਣਾ, ਮਾਂ ਤਾਂ ਮਿੱਟੀ ਦੀ ਵੀ ਦੁੱਖ ਨੇੜੇ ਨਹੀਂ ਆਉਣ ਦਿੰਦੀ। ਕਵੀ-ਮਨ ਤਾਂ ਮਾਂ ਨੂੰ ਭੁੱਲ ਹੀ ਨਹੀਂ ਸਕਦਾ। ਮਾਂ ਸੰਬੰਧੀ ਅਮਰੀਕ ਨੇ 'ਮਾਂ ਦਾ ਮੋਹ', 'ਮਾਂ ਦੇ ਅਸਤ' ਅਤੇ 'ਮਾਵਾਂ ਝੂਠ ਨਹੀਂ ਬੋਲਦੀਆਂ' ਆਦਿ ਵਿਲੱਖਣ ਰਚਨਾਵਾਂ ਵਿੱਚ ਮਾਂ-ਪੁੱਤ ਦੇ ਰਿਸ਼ਤੇ ਸੰਬੰਧੀ ਹੰਢਾਏ ਹੋਏ ਨਵੇਂ ਅਨੁਭਵ ਪੇਸ਼ ਕਰ ਕੇ ਅੱਜ ਦੀ ਪਰਿਵਾਰਕ ਟੁੱਟ-ਭੱਜ ਦੇ ਦੌਰ ਵਿੱਚ ਮਾਪਿਆ ਦੀ ਵਡਿਆਈ, ਉਨ੍ਹਾਂ ਦੀ ਸੁੱਖ-ਸਹੂਲਤ ਸੰਬੰਧੀ ਪਾਠਕ ਨੂੰ ਸੁਚੇਤ ਕੀਤਾ ਹੈ। ਉਹ ਉਸ ਸਰਵਣ ਪੁੱਤ ਦਾ ਮਖੌਲ ਉਡਾਉਂਦਾ ਹੈ, ਜੋ ਵਾਸਤੂ ਸ਼ਾਸਤਰ ਦੇ ਜਾਲ਼ ਵਿੱਚ ਫਸਿਆ ਗੁਸਲਖਾਨਾ ਮਾਂ ਦੇ ਕਮਰੇ ਨਾਲ਼ ਤਿਆਰ ਨਹੀਂ ਕਰਵਾਉਂਦਾ ਅਤੇ ਮਾਂ ਬਾਹਰਲੇ ਗੁਸਲਖਾਨੇ ਜਾਂਦੀ ਹੋਈ ਡਿੱਗ ਪੈਂਦੀ ਹੈ ਤੇ ਦਮ ਤੋੜ ਜਾਂਦੀ ਹੈ। ਮਾਂ ਦੇ ਅਸਤ ਤਾਰਦੇ ਕਵੀ ਨੂੰ ਆਪਣੇ ਅਸਤ ਹੀ ਤਰਦੇ ਜਾਪਦੇ ਹਨ। ਉਸ ਨੂੰ ਮਾਂ ਦੀ ਕੁੱਖ ਮਹਾਂ ਸੁੱਖ ਦਾ ਟਿਕਾਣਾ ਜਾਪਦੀ ਹੈ। ਸੁਣਨ ਵਾਲ਼ੇ ਕੰਨ ਚਾਹੀਦੇ ਹਨ, ਮਾਂ ਦਾ ਸਿਵਾ ਵੀ ਹੌਸਲਾ ਦਿੰਦਾ ਸੁਣਾਈ ਦਿੰਦਾ ਹੈ। ਕਵੀ ਦੇ ਹੰਝੂਆਂ ਵਿੱਚ ਵਸਦੀ ਮਾਂ ਉਸ ਨੂੰ ਮਮਤਾ ਰੂਪੀ ਹੰਝੂਆਂ ਨੂੰ ਡੋਹਲਣ ਤੋਂ ਵਰਜਦੀ ਹੈ-

'ਪੁੱਤਾ, ਮਾਵਾਂ ਝੂਠ ਨਹੀਂ ਬੋਲਦੀਆਂ
ਮੈਂ ਹੰਝੂ ਬਣ ਕੇ
ਹੁਣ ਵੀ ਤੇਰੀਆਂ ਅੱਖਾਂ 'ਚ ਰਹਿੰਦੀ ਹਾਂ
ਦੇਖੀਂ, ਅਜਾਈਂ ਨਾ ਡੋਹਲੀਂ
ਮੇਰੀ ਮਮਤਾ ਨੂੰ ਨਾ ਰੋਲੀ।'

(ਪੰਨਾ-76)

ਅਮਰੀਕ ਨੇ ਅਨੇਕਾਂ ਉਤਰਾਅ-ਚੜ੍ਹਾਅ ਹੰਢਾਉਂਦਿਆਂ ਹੰਝੂਆਂ ਵਿੱਚ ਡੁਬੋ ਦੇਣ ਵਾਲ਼ੀਆਂ ਜੀਵਨ-ਘੜੀਆਂ ਵਿੱਚ ਵੀ ਆਪਣੀ ਬੇੜੀ ਨੂੰ ਡੋਲਣ ਨਹੀਂ ਦਿੱਤਾ। ਗ਼ਜ਼ਲਾਂ ਦੇ ਕਈ ਸ਼ਿਅਰਾਂ ਵਿੱਚ ਹੰਝੂਆਂ ਦਾ ਜ਼ਿਕਰ ਹੈ। ਉਹ ਹੈਨ ਤਾਂ ਹੰਝੂ ਹੀ, ਪਰ ਉਹ ਪਾਠਕ ਨੂੰ ਉਦਾਸ/ ਨਿਰਾਸ਼ ਨਾ ਕਰ ਕੇ ਉਸ ਨੂੰ ਭਵਿੱਖ ਲਈ ਉਤਸ਼ਾਹਤ ਹੀ ਕਰਦੇ ਹਨ। ਕਾਇਨਾਤ ਦੇ ਬਿਰਖ ਉੱਤੇ ਪਿਆ ਸੱਤ-ਰੰਗਾ ਬੂਰ ਕਵੀ ਦੀ ਨਜ਼ਰ ਵਿੱਚ ਉਸ ਦੇ ਆਪਣੇ ਹੰਝੂਆਂ ਜਾਂ ਮਹਿਬੂਬ ਦੇ ਹੁਸਨ ਦਾ ਨੂਰ ਹੈ। ਹੰਝੂਆਂ ਵਿੱਚ ਡੁੱਬ ਜਾਣ ਵਾਲ਼ਾ ਮਨੁੱਖ ਜੀਵਨ-ਸਾਗਰ ਨੂੰ ਪਾਰ ਨਹੀਂ ਕਰ ਸਕਦਾ। ਉਸ ਦੇ ਹੰਝੂਆਂ ਵਿੱਚ ਉਸ ਦੀ ਮਾਂ ਦਾ ਨਿਵਾਸ ਹੈ। ਉਹ ਹੰਝੂ-ਹੰਝੂ ਹੋ ਕੇ ਮਰਨ ਨਾਲ਼ੋਂ ਹਨੇਰ ਮੇਟਣ ਲਈ ਦੀਪ ਰੋਸ਼ਨ ਕਰਨ ਨੂੰ ਤਰਜੀਹ ਦਿੰਦਾ ਹੈ-

'ਚੂਲੀ-ਚੂਲੀ ਚਾਨਣ ਆਪਾਂ ਹਰ ਦੀਵੇ ਵਿਚ ਚੋਣਾ ਹੈ,
ਹੰਝੂ-ਹੰਝੂ ਹੋ ਕੇ ਆਪਾਂ ਆਪਣੀ ਅਉਧ ਗੁਆਉਣੀ ਨਹੀਂ।

(ਪੰਨਾ-97)

ਇਉਂ ਕਵੀ ਪ੍ਰਤੀਕੂਲ ਪ੍ਰਸਥਿਤੀ ਵਿੱਚ ਡੱਕੇ ਹੋਏ ਜਾਂ ਵਹਿ ਰਹੇ ਹੰਝੂਆਂ ਨੂੰ ਉਸਾਰੂ ਊਰਜਾ ਵਿੱਚ ਰੂਪਾਂਤਰਿਤ ਕਰ ਕੇ ਸਵੈ ਭਰੋਸੇ ਨੂੰ ਡਗਮਗਾਉਣ ਨਹੀਂ ਦਿੰਦਾ। ਕਵੀ ਦੀ ਨਿੱਜੀ ਜ਼ਿੰਦਗੀ ਨਾਲ਼ ਹੀ ਸੰਬੰਧਤ ਕਵਿਤਾ ਹੈ 'ਮੈਂ ਇਕੱਲਾ ਕਿੱਥੇ ਹਾਂ? ' ਅਸਲ ਵਿੱਚ ਸਾਡੇ ਸ਼ਾਇਰ ਦਾ ਜੀਵਨ ਇਕੱਲਤਾ ਦਾ ਸਫਰ ਹੀ ਰਿਹਾ ਹੈ ਅਤੇ ਉਹ ਭਰੇ ਸੰਸਾਰ ਵਿੱਚ ਆਪਣੇ-ਆਪ ਵਿੱਚ ਹੀ ਰਹਿੰਦਾ ਹੈ। ਇਸ ਅਵਸਥਾ ਵਿੱਚ ਕਿਤਾਬ/ ਕਲਮ ਬਿਨਾਂ ਉਸ ਦਾ ਕੋਈ ਸਾਥੀ ਨਹੀਂ, ਕੇਵਲ ਸੱਜਣ ਦੀ ਯਾਦ ਬਿਨ। ਉਸ ਦਾ ਦੁਸ਼ਮਣ ਵੀ ਕੋਈ ਨਹੀਂ ਰਹਿੰਦਾ। ਕਦੇ-ਕਦੇ ਉਸ ਦੀ ਆਪਣੇ ਆਪ ਨਾਲ਼ ਵੀ ਨਹੀਂ ਨਿਭਦੀ। ਅਜਿਹੇ ਮਨੁੱਖ ਦਾ ਉਦਾਸ, ਨਿਰਾਸ਼, ਬੇਆਸ ਹੋ ਜਾਣਾ ਸੁਭਾਵਕ ਹੈ। ਇਹ ਕਵੀ ਦੀ ਜਿਊਣ ਦੀ ਲੋਚਾ ਹੀ ਹੈ,

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਕਿਤਾਬਾਂ

ਮਲਵਈ ਕਵੀਸ਼ਰੀ-ਪ੍ਰੰਪਰਾ

(ਸਿਧਾਂਤਕ ਅਤੇ ਸੱਭਿਆਚਾਰਕ ਵਿਵੇਚਨ)
ਡਾ. ਲਾਭ ਸਿੰਘ ਖੀਵਾ
ਪੰਨੇ : 214, ਮੁੱਲ : 300 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਪੰਜਾਬੀ ਕਵੀਸ਼ਰੀ ਦਾ ਉਦਭਵ ਉਸ ਇਤਿਹਾਸਕ ਬਿੰਦੂ ਤੋਂ ਸ਼ੁਰੂ ਹੁੰਦਾ ਹੈ, ਜਿਸ ਬਿੰਦੂ ਉੱਤੇ ਆ ਕੇ ਮਾਝ ਵਿੱਚੋਂ ਕਿੱਸਾ-ਕਾਵਿ ਪ੍ਰੰਪਰਾ ਆਪਣੇ ਅੰਤਮ ਸਾਹਾਂ 'ਤੇ ਹੁੰਦੀ ਹੈ। ਦਰਅਸਲ ਪੰਜਾਬੀ ਕਵੀਸ਼ਰੀ-ਪ੍ਰੰਪਰਾ ਆਪਣੇ ਸਮੱਗਰ ਰੂਪ ਵਿੱਚ ਮਾਲਵੇ ਖਿੱਤੇ ਦੀ ਹੀ ਪੈਦਾਇਸ਼ ਹੈ। 1850 ਈ: ਪੰਜਾਬ ਦਾ ਉਹ ਇਤਿਹਾਸਕ ਦੌਰ ਹੈ, ਜਦੋਂ ਅੰਗਰੇਜ਼ ਸਾਮਰਾਜ ਭਾਰਤ ਦੇ ਰਹਿੰਦੇ ਇਲਾਕੇ (ਪੰਜਾਬ) 'ਤੇ ਵੀ

17-Dec-Sunday.qxd 12/16/2023 10:46 PM Page 6

ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦਾ ਸਮਾਗਮ

ਨਵੀਂ ਦਿੱਲੀ-ਪੰਜਾਬੀ ਸਾਹਿਤ ਸਭਾ ਨੇ ਆਪਣੀ ਮਾਸਿਕ ਇਕੱਤਰਤਾ ਆਪਣੇ ਪੰਜਾਬੀ ਭਵਨ ਵਿਚ ਪ੍ਰੋ. ਕੁਲਦੀਪ ਕੌਰ ਪਾਹਵਾ ਦੀ ਪ੍ਰਧਾਨਗੀ ਹੇਠ ਕਰਵਾਈ। ਮੰਚ ਸੰਚਾਲਕ ਤੇ ਭਵਨ ਦੇ ਡਾਇਰੈਕਟਰ ਬਲਬੀਰ ਮਾਧੋਪੁਰੀ ਨੇ ਸੱਦੇ ਗਏ ਲੇਖਕਾਂ ਤੇ ਉਨ੍ਹਾਂ ਦੀਆਂ ਰਚਨਾਵਾਂ ਨਾਲ ਢੁਕਵੀਂ ਜਾਣ-ਪਛਾਣ ਕਰਾਉਂਦਿਆਂ ਦੱਸਿਆ ਕਿ ਸਵਾਮੀ ਅੰਤਰ ਨੀਰਵ ਉਰਫ ਗੁਰਵਿੰਦਰ ਸਿੰਘ ਸਾਡੇ ਸਮਕਾਲ ਦਾ ਚਰਚਿਤ ਕਵੀ ਹੈ। ਸਵਾਮੀ ਅੰਤਰ ਨੀਰਵ ਨੇ ਛੋਟੀਆਂ ਪਰ ਵੱਡੇ ਅਰਥਾਂ ਵਾਲੀਆਂ ਕੁਝ ਕਵਿਤਾਵਾਂ ਸੁਣਾਈਆਂ, ਜਿਨ੍ਹਾਂ ਵਿਚ 'ਮੇਰੇ ਇਲਾਕੇ ਦੇ ਲੋਕ', 'ਜੰਨਤ ਵਿਚੋਂ', 'ਕਬਰਿਸਤਾਨ', 'ਦਾਦੀ ਆਖਦੀ ਸੀ', 'ਇੱਕੋ ਬੱਦਲ' ਲਲਦਿਤ (ਮਾਂ) ਤੇ ਕੁਝ ਬੋਲੀਆਂ ਸੁਣਾਈਆਂ, 'ਮੇਰੀ ਧੀ ਨੇ ਦਾਤਰੀ ਵਾਹੀ, ਘਾਹ ਖਿੜ ਖਿੜ ਹੱਸਦੀ' ਅਤੇ 'ਅਸੀਂ ਸੰਨ ਸੰਤਾਲੀ ਕੀਤਾ, ਰੱਬਾ ਸਾਨੂੰ ਮਾਫ ਕਰ ਦੇ' ਕਵਿਤਾ ਵਿਚ ਵਿਸ਼ੇਸ਼ ਸਥਾਨ ਰੱਖਣ ਵਾਲੀ ਅਰਕਮਲ ਕੌਰ ਨੇ ਚਾਰ ਲੋਕ-ਮੁਖੀ ਗ਼ਜ਼ਲਾਂ ਸੁਣਾਈਆਂ ਤੇ ਸਵਾਮੀ ਅੰਤਰ ਵਾਂਗ ਭਰਵੀਂ ਪ੍ਰਸੰਸਾ ਲਈ। ਪ੍ਰੋ. ਰਣਜੀਤ ਸਿੰਘ ਜੋ ਫੌਜੀ ਜੀਵਨ ਬਾਰੇ ਲਿਖਣ ਵਾਲੇ ਕਹਾਣੀਕਾਰ ਹਨ, ਨੇ ਆਪਣੀ ਸੱਜਰੀ ਲੰਮੀ ਕਹਾਣੀ 'ਲਾਲ ਬਾਦਸ਼ਾਹ' ਸੁਣਾਈ। ਪ੍ਰੋ. ਕੁਲਦੀਪ ਕੌਰ ਪਾਹਵਾ ਨੇ ਆਪਣੇ ਪ੍ਰਧਾਨਗੀ ਸ਼ਬਦਾਂ ਵਿਚ ਪੜ੍ਹੀਆਂ ਰਚਨਾਵਾਂ 'ਤੇ ਟਿੱਪਣੀਆਂ ਕਰਦਿਆਂ ਆਖਿਆ ਕਿ ਅੱਜ ਦੀ ਸਾਹਿਤਕ ਸ਼ਾਮ ਬਹੁਤ ਖ਼ੂਬਸੂਰਤ ਰਹੀ। ਉਨ੍ਹਾ ਕਿਹਾ ਕਿ ਕਹਾਣੀ ਵਿਚਲਾ ਵਿਸਥਾਰ ਲਟਕਾ ਵਾਲਾ ਰਿਹਾ, ਪਰ ਮਿੱਥ, ਯਥਾਰਥ ਤੇ ਸਵੈਜੀਵਨੀ ਦਾ ਝਾਉਲਾ ਪਾਉਂਦੀ ਹੈ। ਉਨ੍ਹਾਂ ਸਵਾਮੀ ਅੰਤਰ ਨੀਰਵ ਤੇ ਅਰਕਮਲ ਦੀਆਂ ਕਵਿਤਾਵਾਂ ਨੂੰ ਪਾਇਦਾਰ ਤੇ ਮਨੁੱਖ ਮੁਖੀ ਦੱਸਿਆ। ਇਸ ਪ੍ਰੋਗਰਾਮ ਵਿਚ ਡਾ. ਕਰਨਜੀਤ ਸਿੰਘ, ਪ੍ਰੋ. ਕੁਲਵੀਰ, ਪ੍ਰੋ. ਬਲਜਿੰਦਰ ਨਸਰਾਲੀ, ਡਾ. ਯਾਦਵਿੰਦਰ ਸਿੰਘ, ਡਾ. ਜਸਵਿੰਦਰ ਬਿੰਦਰਾ, ਡਾ. ਰਵਿੰਦਰ ਕੌਰ ਬੇਦੀ, ਰਣਜੀਤ ਕੌਰ ਜੀਤ, ਤਰਿੰਦਰ ਕੌਰ, ਪ੍ਰਕਾਸ਼ ਕੌਰ, ਪ੍ਰਭਜੋਤ ਸਿੰਘ ਭੱਟੀ, ਐੱਮ.ਐੱਸ. ਗਰਚਾ, ਮਿਲਖੀ ਰਾਮ, ਜਸਵੰਤ ਸਿੰਘ ਸੇਖਵਾਂ ਆਦਿ ਸ਼ਾਮਲ ਹੋਏ। ਬਲਬੀਰ ਮਾਧੋਪੁਰੀ ਨੇ ਸੂਚਨਾ ਦਿੱਤੀ ਕਿ 2024 ਦੀ 'ਧੁੱਪ ਦੀ ਮਹਿਫ਼ਲ' 11 ਫ਼ਰਵਰੀ ਨੂੰ ਨਵਯੁਗ ਫਾਰਮ, ਮਹਿਰੌਲੀ ਵਿਖੇ ਹੋਵੇਗੀ।

—ਬਲਬੀਰ ਮਾਧੋਪੁਰੀ

ਪੇਰੀਆਰ ਰਚਨਾਵਲੀ 'ਤੇ ਵਿਚਾਰ-ਚਰਚਾ

ਜਲੰਧਰ : ਅਦਾਰਾ ਸੰਗਰਾਮੀ ਲਹਿਰ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਗ਼ਦਰੀ ਸ਼ਹੀਦ ਵਿਸ਼ਣੂ ਗਣੇਸ਼ ਪਿੰਗਲੇ ਹਾਲ ਵਿਖੇ ਆਲਮੀ ਪ੍ਰਸਿੱਧੀ ਦੇ ਮਾਲਕ ਏਸ਼ੀਆਈ ਖਿੱਤੇ ਦੇ ਜ਼ਹੀਨ ਚਿੰਤਕ ਤੇ ਸਮਾਜ ਸੁਧਾਰਕ ਈ ਵੀ ਰਾਮਾਸਾਮੀ ਪੇਰੀਆਰ ਦੀ ਸਮੁਚੀ ਰਚਨਾ 'ਤੇ ਅਧਾਰਿਤ ਡਾ. ਜਸਵੰਤ ਰਾਏ ਵੱਲੋਂ ਅਨੁਵਾਦਤ ਵੱਡ-ਅਕਾਰੀ ਪੁਸਤਕ 'ਪੇਰੀਆਰ ਰਚਨਾਵਲੀ-ਨਵੇਂ ਯੁੱਗ ਦਾ ਸੁਕਰਾਤ' ਦਾ ਕਰਵਾਇਆ ਲੋਕ-ਅਰਪਣ ਅਤੇ ਗੋਸ਼ਟੀ ਸਮਾਗਮ ਯਾਦਗਾਰੀ ਹੋ ਨਿਬੜਿਆ। ਸਮਾਗਮ ਦੀ ਪ੍ਰਧਾਨਗੀ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸਾਬਕਾ ਮੁਖੀ ਡਾ. ਕਰਮਜੀਤ ਸਿੰਘ, ਨਵਾਂ ਜ਼ਮਾਨਾ ਦੇ ਸਾਹਿਤ ਸੰਪਾਦਕ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ, ਸੰਗਰਾਮੀ ਲਹਿਰ ਦੇ ਸੰਪਾਦਕ ਮੰਗਤ ਰਾਮ ਪਾਸਲਾ, ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਦੇ ਸਹਾਇਕ ਸਕੱਤਰ ਅਤੇ ਇਤਿਹਾਸਕਾਰ ਚਰੰਜੀ ਲਾਲਾ ਕੰਗਣੀਵਾਲ ਅਤੇ ਉੱਘੇ ਲੋਕ ਆਗੂ ਮਾਸਟਰ ਹਰਕੰਵਲ ਨੇ ਕੀਤੀ। ਮੁੱਖ ਪਰਚਾ ਅਨੁਵਾਦਕ ਡਾ. ਜਸਵੰਤ ਰਾਏ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਨੇ ਪੇਸ਼ ਕਰਦਿਆਂ ਕਿਹਾ ਕਿ ਪੇਰੀਆਰ ਇੱਕ ਮਿਸ਼ਨਰੀ, ਕ੍ਰਾਂਤੀਕਾਰੀ ਸਮਾਜ ਸੁਧਾਰਕ ਸਨ, ਜਿਨ੍ਹਾਂ ਨੇ ਆਪਣੀ ਸਾਰੀ ਸੰਪੱਤੀ ਆਤਮ ਸਨਮਾਨ ਅੰਦੋਲਨ ਦੇ ਨਾਂਅ ਕਰਕੇ ਤਮਾਮ ਉਮਰ ਦਲਿਤਾਂ ਦਮਿਤਾਂ ਦੇ ਮਾਨਵਵਾਦੀ ਹੱਕਾਂ ਲਈ ਕੰਮ ਕੀਤਾ। ਉਸ ਦੇ ਕੰਮਾਂ ਦਾ ਘੇਰਾ ਰੱਬ, ਆਤਮਾ, ਜੋਤਿਸ਼ ਤੋਂ ਵੀ ਪਾਰ ਬੜਾ ਵਸੀਹ ਹੈ। ਲੋਕ ਹਿੱਤਾਂ ਲਈ ਕੰਮ ਕਰਦਿਆਂ ਉਨ੍ਹਾਂ ਅਨੇਕ ਵਾਰ ਜੇਲ੍ਹ ਯਾਤਰਾ ਅਤੇ ਸੈਂਕੜੇ ਅੰਦੋਲਨਾਂ ਦੀ ਅਗਵਾਈ ਕੀਤੀ ਜਿਨ੍ਹਾਂ ਬਾਰੇ ਜਾਣਕਾਰੀ ਬੜੇ ਵਿਸਤਾਰ ਨਾਲ ਲੋਕ ਅਰਪਿਤ ਕੀਤੀ ਜਾ ਰਹੀ ਪੁਸਤਕ ਵਿੱਚ ਦਰਜ ਹੈ। ਡਾ. ਹਰਜਿੰਦਰ ਅਟਵਾਲ ਨੇ ਪੇਰੀਆਰ ਦੇ ਕਥਨ 'ਤਰਕਹੀਣਤਾ 'ਚੋਂ ਗ਼ੁਲਾਮੀ ਨਿਕਲਦੀ ਹੈ ਤੇ ਗ਼ੁਲਾਮੀ ਗਰੀਬੀ ਅਤੇ ਸੋਸ਼ਣ ਦਾ ਕਾਰਨ ਬਣਦੀ ਹੈ' ਨੂੰ ਵਿਸਥਾਰ ਦਿੰਦਿਆਂ ਕਿਹਾ ਕਿ ਪੇਰੀਆਰ ਤਰਕਹੀਣਤਾ, ਕਿਸਮਤਵਾਦ, ਜੋਤਿਸ਼ ਅਤੇ ਥੋਥੀਆਂ ਰਸਮਾਂ ਦਾ ਕੱਟੜ ਵਿਰੋਧੀ ਸੀ। ਵਿਚਾਰਧਾਰਾ 'ਤੇ ਅਡੋਲ ਅਤੇ ਨਿਰਭੈਅ ਹੋ ਕੇ ਚੱਲਣ ਵਾਲੇ ਪੇਰੀਆਰ ਦੇ ਵਿਚਾਰ ਅਜੋਕੇ ਦੌਰ ਵਿੱਚ ਵੱਧ ਪ੍ਰਸੰਗਿਕ ਜਾਪਦੇ ਹਨ। ਇਹ ਵਿਚਾਰ ਗੁਰੂਆਂ ਭਗਤਾਂ ਦੇ ਨਾਲ ਨਾਲ ਫੂਲੇ, ਅੰਬੇਡਕਰ, ਮੰਗੂ ਰਾਮ ਮੁਗੋਵਾਲੀਆ ਅਤੇ ਸ਼ਹੀਦ ਭਗਤ ਸਿੰਘ ਦੀ ਵਚਾਰਧਾਰਾ ਨੂੰ ਅਗਾਂਹ ਤੋਰਦੇ ਲਗਦੇ ਹਨ। ਚਰੰਜੀ ਲਾਲ ਕੰਗਣੀਵਾਲ ਨੇ ਵੀਹਵੀਂ ਸਦੀ ਦੇ ਦੂਜੇ ਤੀਜੇ ਦਹਾਕੇ ਦੌਰਾਨ ਚੱਲੀਆਂ ਲੋਕ ਲਹਿਰਾਂ ਨਾਲ ਪੇਰੀਆਰ ਦੇ ਸੰਘਰਸ਼ ਨੂੰ ਜੋੜ ਕੇ ਭਾਵਪੂਰਨ ਵਿਚਾਰ ਪੇਸ਼ ਕੀਤੇ। ਮੰਗਤ ਰਾਮ ਪਾਸਲਾ ਨੇ ਕਿਹਾ ਕਿ ਭਾਵੇਂ ਅਸੀਂ ਲੇਟ ਤੁਰੇ ਹਾਂ, ਪਰ ਆਰਥਿਕ ਅਤੇ ਸਮਾਜਿਕ ਪੱਖਾਂ ਨੂੰ ਇਕਸਾਰ ਜੋੜ ਕੇ ਵਿੱਢਿਆ ਸੰਘਰਸ਼ ਇਨ੍ਹਾਂ ਰਹਿਬਰਾਂ ਦੀ ਸੋਚ ਨੂੰ ਅੱਗੇ ਲੈ ਕੇ ਜਾਵੇਗਾ। ਭਰੇ ਹਾਲ 'ਚ ਬੈਠੇ ਸਰੋਤਿਆਂ ਦੇ ਸਵਾਲਾਂ ਦੇ ਡਾ. ਜਸਵੰਤ ਰਾਏ ਨੇ ਸੰਖੇਪ ਜਵਾਬ ਦਿੱਤੇ। ਪੁਸਤਕ ਲੋਕ-ਅਰਪਣ ਕਰਨ ਉਪਰੰਤ ਇਸ ਮੌਕੇ ਪਾਰਟੀ ਆਰ ਐਮ ਪੀ ਆਈ ਦੀ ਵੈਬਸਾਈਟ ਵੀ ਲਾਂਚ ਕੀਤੀ ਗਈ। ਡਾ. ਕਰਮਜੀਤ ਸਿੰਘ ਨੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਕਿਹਾ ਕਿ ਡਾ. ਜਸਵੰਤ ਰਾਏ ਨੇ ਇਸ ਅਨੁਵਾਦ ਰਾਹੀਂ ਉਤਰੀ ਭਾਰਤ ਵਿੱਚ ਅੱਜ ਦੇ ਸ਼ੁੱਧ ਚਾਰਵਾਕ ਪੇਰੀਆਰ ਦੀ ਭਰਵੀਂ ਹਾਜ਼ਰੀ ਲੁਆ ਦਿੱਤੀ ਹੈ। ਬੁੱਧ, ਸਮਾਜ, ਸਿੱਖਿਆ, ਔਰਤ, ਵਿਦਿਆਰਥੀ, ਅਰਥ ਸ਼ਾਸਤਰ ਬਾਰੇ ਪੇਰੀਆਰ ਦੇ ਕਥਨ ਗੌਲਣਯੋਗ ਹਨ। ਉਨ੍ਹਾਂ ਨੇ ਪੇਰੀਆਰ ਬਾਰੇ ਹੋਈ ਗੱਲਬਾਤ 'ਤੇ ਆਪਣੀਆਂ ਸਾਰਥਕ ਟਿੱਪਣੀਆਂ ਦਿੱਤੀਆਂ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਸਾਥੀ ਮਹੀਪਾਲ ਨੇ ਬਾਖੂਬੀ ਨਿਭਾਈ। ਇਸ ਮੌਕੇ ਅੰਬੇਡਕਰੀ ਅਤੇ ਖੱਬੇ ਪੱਖੀ ਵਿਚਾਰਧਾਰਾ ਨੂੰ ਪ੍ਰਣਾਏ ਮਿਸ਼ਨਰੀ ਕਾਰਕੁੰਨਾਂ ਤੋਂ ਇਲਾਵਾ ਵੱਖ-ਵੱਖ ਖੇਤਰਾਂ ਦੀ ਸਿਰਕੱਢ ਸਮਾਜਿਕ ਅਤੇ ਸਾਹਿਤਕ ਹਸਤੀਆਂ ਵੱਡੀ ਗਿਣਤੀ 'ਚ ਹਾਜ਼ਰ ਸਨ।

- ਡਾ. ਜਸਵੰਤ ਰਾਏ

ਗ਼ਜ਼ਲ ਮੰਚ ਸਰੀ ਵੱਲੋਂ ਸਮਾਗਮ

ਸਰੀ-ਗ਼ਜ਼ਲ ਮੰਚ ਸਰੀ ਵੱਲੋਂ ਸਰੀ ਆਰਟ ਸੈਂਟਰ ਵਿਚ ਖ਼ੂਬਸੂਰਤ ਸ਼ਾਇਰਾਨਾ ਸ਼ਾਮ ਮਨਾਈ ਗਈ। ਚਾਰ ਸੌ ਦੇ ਕਰੀਬ ਸਾਹਿਤਕ ਪ੍ਰੇਮੀਆਂ ਅਤੇ ਸੰਜੀਦਾ ਸ਼ਾਇਰੀ ਦੇ ਕਦਰਦਾਨਾਂ ਨੇ ਇਸ ਸ਼ਾਮ ਵਿਚ ਸ਼ਾਮਲ ਹੋ ਕੇ ਪੰਜਾਬੀ ਸ਼ਾਇਰੀ ਨੂੰ ਰੂਹ ਨਾਲ ਮਾਣਿਆ ਅਤੇ ਹਰ ਇਕ ਸ਼ਾਇਰ ਨੂੰ ਤਾੜੀਆਂ ਦੀ ਭਰਪੂਰ ਦਾਦ ਨਾਲ ਨਿਵਾਜਿਆ। ਇਸ ਸ਼ਾਮ ਦੀ ਪ੍ਰਧਾਨਗੀ ਅਮਰੀਕਾ ਤੋਂ ਆਏ ਨਾਮਵਰ ਸ਼ਾਇਰ ਕੁਲਵਿੰਦਰ, ਪੰਜਾਬ ਤੋਂ ਆਏ 'ਹੁਣ' ਦੇ ਸੰਪਾਦਕ ਸੁਸ਼ੀਲ ਦੁਸਾਂਝ, ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ, ਜਰਮਨੀ ਤੋਂ ਆਈ ਸ਼ਾਇਰਾ ਨੀਲੂ ਜਰਮਨੀ ਅਤੇ ਦਸਮੇਸ਼ ਗਿੱਲ ਫਿਰੋਜ਼ ਨੇ ਕੀਤੀ। ਗ਼ਜ਼ਲ ਮੰਚ ਵੱਲੋਂ ਰਾਜਵੰਤ ਰਾਜ ਨੇ ਹਾਜ਼ਰ ਮਹਿਮਾਨਾਂ, ਸਹਿਯੋਗੀਆਂ, ਸ਼ਾਇਰਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਮੰਚ ਦੀਆਂ ਸਰਗਰਮੀਆਂ ਬਾਰੇ ਅਤੇ ਸਹਿਯੋਗੀਆਂ ਬਾਰੇ ਜਾਣਕਾਰੀ ਦਿੱਤੀ। ਫਿਰ ਸ਼ਾਇਰਾਨਾ ਸ਼ਾਮ ਦੇ ਸੰਚਾਲਨ ਦੀ ਜ਼ਿੰਮੇਵਾਰੀ ਸੰਭਾਲਦਿਆਂ ਨਈਮ ਲੱਖਨ ਨੇ ਉਰਦੂ ਅਤੇ ਪੰਜਾਬੀ ਦੇ ਨਾਮਵਰ ਸ਼ਾਇਰਾਂ ਦੇ ਸ਼ਿਅਰਾਂ ਨਾਲ ਦਿਲਕਸ਼ ਕਾਵਿਕ ਮਾਹੌਲ ਸਿਰਜਿਆ। ਡਾ. ਰਣਦੀਪ ਮਲਹੋਤਰਾ ਨੇ ਸ਼ਾਇਰ ਜਸਵਿੰਦਰ ਅਤੇ ਦਵਿੰਦਰ ਗੌਤਮ ਦੀਆਂ ਗ਼ਜ਼ਲਾਂ ਨੂੰ ਆਪਣੇ ਸੁਰੀਲੇ ਸੁਰ ਅਤੇ ਅੰਦਾਜ਼ ਵਿਚ ਗਾ ਕੇ ਸਰੋਤਿਆਂ ਦੀ ਕਾਵਿਕ ਜਗਿਆਸਾ ਨੂੰ ਉਤੇਜਿਤ ਕਰ ਦਿੱਤਾ। ਉਪਰੰਤ ਸ਼ਾਇਰਾਨਾ ਸ਼ਾਮ ਦੇ ਕਵੀਆਂ ਨੇ ਆਪੋ-ਆਪਣੇ ਲਹਿਜ਼ੇ ਵਿਚ ਗ਼ਜ਼ਲ ਦੇ ਵੱਖ-ਵੱਖ ਰੰਗ ਬਿਖੇਰਦਿਆਂ ਅਜੋਕੀ ਪੰਜਾਬੀ ਗ਼ਜ਼ਲ ਦੇ ਮਿਜਾਜ਼, ਗਹਿਰਾਈ ਅਤੇ ਵਿਸ਼ਾਲਤਾ ਨਾਲ ਸਰੋਤਿਆਂ ਨੂੰ ਸ਼ਰਸਾਰ ਕੀਤਾ। ਸ਼ਾਇਰ ਜਸਵਿੰਦਰ, ਕੁਲਵਿੰਦਰ, ਕ੍ਰਿਸ਼ਨ ਭਨੋਟ, ਸੁਸ਼ੀਲ ਦੁਸਾਂਝ, ਦਸਮੇਸ਼ ਗਿੱਲ ਫਿਰੋਜ਼, ਹਰਦਮ ਮਾਨ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਦਵਿੰਦਰ ਗੌਤਮ, ਗੁਰਮੀਤ ਸਿੱਧੂ, ਪਾਲ ਢਿੱਲੋਂ, ਸਤੀਸ਼ ਗੁਲਾਟੀ, ਮਨਜੀਤ ਕੰਗ, ਸੁਖਜੀਤ ਕੌਰ, ਨੀਲੂ ਜਰਮਨੀ, ਡਾ. ਗੁਰਮਿੰਦਰ ਸਿੱਧੂ ਅਤੇ ਹਰੀ ਸਿੰਘ ਤਾਤਲਾ ਦੀ ਖ਼ੂਬਸੂਰਤ ਪੇਸ਼ਕਾਰੀ ਨਾਲ ਸਮੁੱਚਾ ਹਾਲ ਕਾਵਿਕ ਖੁਸ਼ਬੂ ਨਾਲ ਮਹਿਕ ਉੱਠਿਆ। ਸੰਜੇ ਅਰੋੜਾ ਨੇ ਕ੍ਰਿਸ਼ਨ ਭਨੋਟ ਅਤੇ ਜਗੀਰ ਸੱਧਰ ਦੀਆਂ ਗ਼ਜ਼ਲਾਂ ਦੀ ਸੁਰਮਈ ਪੇਸ਼ਕਾਰੀ ਨਾਲ ਖ਼ੂਬ ਵਾਹ-ਵਾਹ ਖੱਟੀ। ਇਸ ਖ਼ੂਬਸੂਰਤ ਮਾਹੌਲ ਵਿਚ ਸਰੋਤਿਆਂ ਨੇ ਲੱਗਭੱਗ ਚਾਰ ਘੰਟੇ ਸ਼ਾਇਰੀ ਦੇ ਸਾਗਰ ਵਿਚ ਖ਼ੂਬ ਤਾਰੀਆਂ ਲਾਈਆਂ ਅਤੇ ਗੰਭੀਰ ਸ਼ਾਇਰੀ ਨੂੰ ਬੇਹੱਦ ਪਿਆਰ-ਸਤਿਕਾਰ ਦਿੱਤਾ। ਪ੍ਰੋਗਰਾਮ ਦੇ ਸੰਚਾਲਕ ਨਈਮ ਲੱਖਨ ਦੀ ਸ਼ਾਇਰਾਨਾ ਤਬੀਅਤ ਅਤੇ ਪੇਸ਼ਕਾਰੀ ਨੇ ਸਭ ਨੂੰ ਮੋਹ ਲਿਆ। ਅੰਤ ਵਿਚ ਗ਼ਜ਼ਲ ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਗ਼ਜ਼ਲ ਮੰਚ ਦੀ ਸਥਾਪਨਾ, ਉਦੇਸ਼ ਤੇ ਥੋੜ੍ਹੇ ਸਮੇਂ ਵਿਚ ਇਸ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਸ਼ਾਇਰਾਨਾ ਸ਼ਾਮ ਨੂੰ ਭਰਵਾਂ ਹੁੰਗਾਰਾ ਅਤੇ ਸਹਿਯੋਗ ਦੇਣ ਵਾਲੇ ਸਾਰੇ ਸਹਿਯੋਗੀਆਂ, ਕਵੀਆਂ ਅਤੇ ਹਾਜ਼ਰੀਨ ਸਰੋਤਿਆਂ ਦਾ ਦਿਲੀ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਪੰਜਾਬੀ ਸ਼ਾਇਰੀ ਲਈ ਮਾਣਮੱਤੀ ਹੋ ਨਿੱਬੜੀ ਅੱਜ ਦੀ ਸ਼ਾਮ ਦਾ ਸਿਹਰਾ ਅਸਲ ਵਿਚ ਕਵਿਤਾ ਦੇ ਕਦਰਦਾਨ ਸਰੋਤਿਆਂ ਦੇ ਸਿਰ ਬੱਝਦਾ ਹੈ ਅਤੇ ਗ਼ਜ਼ਲ ਦੇ ਪ੍ਰੇਮੀਆਂ ਦੀ ਇਹ ਮੁਹੱਬਤ ਸ਼ਾਇਰਾਂ ਦੀ ਕਾਵਿ ਉਡਾਰੀ ਨੂੰ ਹੋਰ ਬੁਲੰਦੀਆਂ ਪ੍ਰਦਾਨ ਕਰੇਗੀ। ਵਿਸ਼ੇਸ਼ ਸਹਿਯੋਗੀ ਭੁਪਿੰਦਰ ਮੱਲ੍ਹੀ ਨੇ ਖ਼ੂਬਸੂਰਤ ਗ਼ਜ਼ਲ ਮਹਿਫ਼ਲ ਸਜਾਉਣ ਲਈ ਗ਼ਜ਼ਲ ਮੰਚ ਸਰੀ ਦੇ ਸ਼ਾਇਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸੁਹਿਰਦ ਸਰੋਤਿਆਂ ਦੇ ਭਰਵੇਂ ਹੁੰਗਾਰੇ ਨੇ ਸਰੀ ਦੇ ਸਾਹਿਤਕ ਖੇਤਰ ਵਿਚ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਇਸ ਮੌਕੇ ਮੰਚ ਵੱਲੋਂ ਮਹਿਮਾਨ ਸ਼ਾਇਰਾਂ ਅਤੇ ਸਹਿਯੋਗੀਆਂ ਨੂੰ ਯਾਦਗਾਰੀ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ।

—ਹਰਦਮ ਮਾਨ

ਅਰਪਣ ਲਿਖਾਰੀ ਸਭਾ ਦੀ ਮਾਸਿਕ ਇਕੱਤਰਤਾ

ਕੈਲਗਰੀ : ਅਰਪਨ ਲਿਖਾਰੀ ਸਭਾ ਦੀ ਦਸੰਬਰ ਮਹੀਨੇ ਦੀ ਮੀਟਿੰਗ ਵਿੱਚ ਜਰਨੈਲ ਸਿੰਘ ਤੱਗੜ ਨੇ ਸਟੇਜ ਸੰਭਾਲਦਿਆਂ ਇਕੱਤਰ ਹੋਏ ਸਾਹਿਤਕਾਰਾਂ ਅਤੇ ਸਾਹਿਤ ਰਸੀਆਂ ਨੂੰ ਜੀ ਆਇਆਂ ਆਖਿਆ। ਪ੍ਰੋਗਰਾਮ ਦੀ ਸ਼ੁਰੂਆਤ ਉੱਭਰ ਰਹੇ ਕਵੀ ਅਮਰਪ੍ਰੀਤ ਸਿੰਘ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਵਾਰਤਾ ਨੂੰ ਕਵੀਸ਼ਰੀ ਰੰਗ ਵਿੱਚ ਪੇਸ਼ ਕਰਕੇ ਕੀਤਾ। ਗੁਰਨਾਮ ਕੌਰ ਨੇ ਬਹੁਤ ਹੀ ਸੀਮਤ ਸਮੇਂ ਵਿੱਚ ਸਿੱਖ ਇਤਿਹਾਸ ਦੇ ਖ਼ੂਨੀ ਪੰਨਿਆਂ ਨੂੰ ਅਤੇ ਸ਼ਹਾਦਤਾਂ ਦੇ ਸਫ਼ਰ ਨੂੰ ਬਹੁਤ ਹੀ ਭਾਵਪੂਰਤ ਸ਼ਬਦਾਂ ਵਿੱਚ ਸਾਂਝਾ ਕਰਕੇ ਉਸ ਸਮੇਂ ਦੀ ਹਕੂਮਤ ਦੇ ਜਬਰ-ਜ਼ੁਲਮਾਂ ਦੀ ਤਸਵੀਰ ਪੇਸ਼ ਕਰ ਦਿੱਤੀ। ਡਾ. ਜੋਗਾ ਸਿੰਘ ਸਹੋਤਾ ਨੇ ਆਪਣੀ ਸੁਰੀਲੀ ਅਵਾਜ਼ ਵਿੱਚ ਇੱਕ ਬਹੁਤ ਹੀ ਮਕਬੂਲ ਗੀਤ 'ਵਾਟਾਂ ਲੰਮੀਆਂ ਤੇ ਰਸਤਾ ਪਹਾੜ ਦਾ' ਨਾਲ ਹੀ ਭਾਈ ਨੰਦ ਲਾਲ ਗੋਇਆ ਦੀ ਇੱਕ ਨਜ਼ਮ, ਜਿਸ ਦਾ ਪੰਜਾਬੀ ਵਿੱਚ ਦਰਸ਼ਣ ਸਿੰਘ ਕੋਮਲ ਦਾ ਕੀਤਾ ਅਨੁਵਾਦ ਵੀ ਸਾਜ਼ਾਂ ਨਾਲ ਪੇਸ਼ ਕਰਕੇ ਨਿਹਾਲ ਕੀਤਾ।

ਲਖਵਿੰਦਰ ਸਿੰਘ ਜੌਹਲ ਨੇ ਸਿੱਖ ਇਤਿਹਾਸ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਪੰਜਾਬ ਦੇ ਵਿਰਾਸਤੀ ਰੁੱਖਾਂ ਬਾਰੇ ਕਵਿਤਾ ਸਾਂਝੀ ਕੀਤੀ। ਪ੍ਰੋ. ਸੁਖਵਿੰਦਰ ਸਿੰਘ ਬਿੰਦ ਨੇ ਪੰਜਾਬ ਦੇ ਪਾਣੀਆਂ ਦੀ ਗੱਲ ਬਾਰੇ ਸੱਚਾਈ ਪੇਸ਼ ਕਰਦਿਆਂ ਦੱਸਿਆ ਕਿ ਪੰਜਾਬ ਨੂੰ ਆਪਣੇ ਪਾਣੀਆਂ ਵਿੱਚੋਂ ਸਿਰਫ਼ ਪੱਚੀ ਫ਼ੀਸਦੀ ਪਾਣੀ ਹੀ ਮਿਲਦਾ ਹੈ। ਕੇਸਰ ਸਿੰਘ ਨੀਰ ਨੇ ਆਪਣੀ ਬਹੁਤ ਹੀ ਮਕਬੂਲ 'ਪਹਿਰਾ ਅਮਨ ਦਾ ਰਹੇ ਪੰਜਾਬ ਅੰਦਰ' ਕਵਿਤਾ ਸਾਂਝੀ ਕੀਤੀ।

—ਜਰਨੈਲ ਸਿੰਘ ਤੱਗੜ

ਜੱਸਾ ਸਿੰਘ ਰਾਮਗੜ੍ਹੀਆ ਬਾਰੇ ਸ਼ਾਹਮੁਖੀ ਵਿੱਚ ਪੁਸਤਕ ਲੋਕ ਅਰਪਣ

**ਪਟਿਆਲ

ਕੁਲਵਿੰਦਰ ਚਾਵਲਾ ਦੀਆਂ ਕਵਿਤਾਵਾਂ

ਰੂਪਾਂਤਰਣ

ਉਹ ਕੋਮਲ ਸੀ
ਪਰ ਉਹਨਾਂ ਉਸ ਨੂੰ ਕਮਜ਼ੋਰ ਸਮਝਿਆ
ਵਰਤਿਆ, ਕੋਹਿਆ, ਰੂੰ ਸਮਝ ਪਿੰਜਿਆ

ਲਾਈਲੱਗਾਂ ਉਸ ਦੇ ਸਤ 'ਤੇ ਸ਼ੱਕ ਕੀਤਾ
ਲਈ ਅਗਨੀ ਪ੍ਰੀਖਿਆ
ਹੰਕਾਰੀਆਂ ਉਸ ਨੂੰ
ਭਰੀਆਂ ਸਭਾਵਾਂ ਵਿੱਚ ਜ਼ਲੀਲ ਕੀਤਾ

ਮੁਨੀਆਂ ਨੇ ਵੀ ਮਨ ਦੀ ਕੀਤੀ
ਮੰਤਰ ਫੂਕਿਆ
ਪੱਥਰ ਬਣਾਈ, ਖੂੰਜੇ ਲਾ ਦਿੱਤੀ

ਸਭ ਨੇ ਉਸ ਨੂੰ ਦੁਰਬਲ ਜਾਣਿਆ
ਉਸ ਦਾ ਅਸਲ ਨਾ ਪਛਾਣਿਆ

ਫਿਰ ਉਹ ਆਪਣੇ ਜਲੌਅ 'ਚ ਆਈ
ਆਪਣੇ ਗਲ 'ਚੋਂ
'ਵਲਨਰੇਬਲ' ਦੀ ਤਖਤੀ ਲਾਹੀ

ਸਭ ਨੂੰ ਚਿਤਾਇਆ
ਆਪਣਾ 'ਵਰਥ' ਦਿਖਾਇਆ

ਅੱਜਕੱਲ੍ਹ ਉਹ
ਘਰੇ ਘਰ-ਬਾਰ ਵੇਖਦੀ ਹੈ
ਦਫਤਰ ਅੰਦਰ ਬੌਸੀ ਕਰਦੀ ਹੈ !!

ਸਿੱਕੇ ਦੇ ਦੋ ਪਾਸੇ

ਕੋਈ ਵੀ ਔਰਤ ਕਮਜ਼ੋਰ ਨਹੀਂ ਹੁੰਦੀ
ਡਰਪੋਕ ਤਾਂ ਹਰਗਿਜ਼ ਨਹੀਂ ਹੁੰਦੀ

ਹਰ ਔਕੜ ਸਾਹਵੇਂ ਚੱਟਾਨ ਬਣ ਖੜ੍ਹਦੀ
ਬੁਰੀ ਨਜ਼ਰ ਵਾਲੇ ਦੇ ਬੂਥੇ 'ਤੇ ਧਮੁੱਕ ਜੜਦੀ
ਮਨ ਆਈ ਕਰਦੀ
ਪਵੇ ਲੋੜ ਤਾਂ ਕਾਲੀ ਬਣ ਵਿਚਰਦੀ
ਪਰ ਜਦੋਂ ਵੇਖਦੀ
ਆਪਣੇ ਆਦਰਸ਼ ਪੁਰਸ਼ ਦੇ ਅੰਦਰਲਾ ਰਾਵਣ
ਕਮਜ਼ੋਰ ਪੈ ਜਾਂਦੀ
ਗੁਆ ਦਿੰਦੀ ਵਿਵੇਕ
ਬੇਵਿਸ਼ਵਾਸੀ ਨਾਲ ਬੌਂਦਲਦੀ
ਸਹਿ ਨਹੀਂ ਪਾਂਦੀ
ਸਬਲਾ ਤੋਂ ਅਬਲਾ ਹੋ ਜਾਂਦੀ

ਧਰਮ ਨਿਭਾਉਂਦੀ, ਰਿਸ਼ਤੇ ਬਚਾਉਂਦੀ

ਔਰਤ ਸਿਰਫ ਔਰਤ ਹੀ ਨਹੀਂ
ਮਾਂ, ਭੈਣ, ਬੇਟੀ ਤੇ ਬੀਵੀ ਵੀ ਹੈ ਹੁੰਦੀ

ਇਹ ਔਰਤਾਂ

ਪਹੁ ਫੁਟ ਤੋਂ ਲੈ ਕੇ ਨੇਰ੍ਹੇ ਦੇ ਪਸਾਰ ਤੱਕ
ਮਸ਼ੀਨ ਵਾਂਗ ਚੱਲਦੀਆਂ
ਜ਼ਿੰਦਗੀ ਦੀ ਚੱਕੀ ਵਿੱਚ
ਹੱਸ-ਹੱਸ ਪਿਸਦੀਆਂ
ਕਿਸੇ ਬੰਜਰ ਥਾਂ 'ਤੇ
ਖੁੱਲ੍ਹੇ ਅਸਮਾਨ ਹੇਠਾਂ ਡੇਰਾ ਲਾਉਂਦੀਆਂ
ਚੱਕਵੇਂ ਘਰ ਵਸਾਉਂਦੀਆਂ ਇਹ ਔਰਤਾਂ
ਮੈਨੂੰ ਦੁਨੀਆਂ ਦੀਆਂ
ਸਭ ਤੋਂ ਖੁਸ਼ ਔਰਤਾਂ ਜਾਪਦੀਆਂ

ਕਾਲੇ ਧਾਗੇ 'ਚ ਤਵੀਤੜੀਆਂ ਗੂੰਦ
ਗਲ 'ਚ ਪਾਉਂਦੀਆਂ
ਚੌੜੇ ਮੱਥੇ 'ਤੇ ਗੋਦਣਾ ਸਜਾਉਂਦੀਆਂ
ਫੁੰਮਣ, ਕੌਡੀਆਂ ਨਾਲ ਸੱਜੀਆਂ
ਪੁਸ਼ਾਕਾਂ ਪਾਉਂਦੀਆਂ ਇਹ ਔਰਤਾਂ
ਮੈਨੂੰ ਦੁਨੀਆ ਦੀਆਂ
ਸਭ ਤੋਂ ਹੁਸੀਨ ਔਰਤਾਂ ਲੱਗਦੀਆਂ

ਸੰਧੂਰੀ ਟਿੱਕੀ ਦੇ ਹੇਠਾਂ ਹੁੰਦਿਆਂ ਹੀ
ਖਾਂਵਦ ਦੀ ਘਰ ਵਾਪਸੀ ਨੂੰ
ਤਿਉਹਾਰ ਵਾਂਗ ਮਨਾਉਂਦੀਆਂ
ਚਾਨਣੀ ਰਾਤ ਨੂੰ ਚਾਰ ਚੰਨ ਲਾਉਂਦੀਆਂ
ਸਾਥੀ ਨਾਲ ਸੇਜ ਸੁੱਖ ਹੰਢਾਉਂਦੀਆਂ ਇਹ ਔਰਤਾਂ
ਮੈਨੂੰ ਦੁਨੀਆ ਦੀਆਂ
ਸਭ ਤੋਂ ਵੱਧ ਸੰਤੁਸ਼ਟ ਔਰਤਾਂ ਦਿੱਸਦੀਆਂ

ਕਿੰਨੀਆਂ ਖੁਸ਼
ਕਿੰਨੀਆਂ ਹੁਸੀਨ
ਕਿੰਨੀਆਂ ਸੰਤੁਸ਼ਟ ਹੁੰਦੀਆਂ ਨੇ ਇਹ ਔਰਤਾਂ
ਟੱਪਰੀਵਾਸ ਔਰਤਾਂ

ਬਾਈਪਾਸ

ਹਰ ਔਰਤ ਦੇ ਸਿਰ ਉੱਤੋਂ ਦੀ
ਲੰਘਣੀ ਚਾਹੀਦੀ ਇੱਕ ਸੜਕ
ਜੋ ਕਰਦੀ ਰਹੇ ਬਾਈਪਾਸ
ਗੱਲਾਂ ਜੋ ਉਹ ਦਿਲ 'ਤੇ ਨਹੀਂ ਲਾਉਣਾ ਚਾਹੁੰਦੀ
ਕਿੰਨਾ ਕੁਝ ਜੋ ਉਹ ਹਰ ਰੋਜ਼ ਸੁਣਦੀ
ਕਿੰਨਾ ਕੁਝ ਜਿਸ ਨੂੰ ਉਹ
ਦਿਲ ਤੋਂ ਦੂਰ ਰੱਖਣਾ ਚਾਹੁੰਦੀ

'ਤੇਰੇ ਕੋਲੋਂ ਕਦੀ ਕੁਝ ਠੀਕ ਨਹੀਂ ਹੁੰਦਾ'
'ਹਮੇਸ਼ਾ ਮੇਰੇ ਸਿਰ 'ਤੇ ਚੜ੍ਹੀ ਰਿਹਾ ਕਰ'
'ਨਾ ਕੀ ਚਾਹੁੰਦੀ ਹੈਂ? ਤੇਰਾ ਗੁਲਾਮ ਬਣ ਕੇ ਰਹਾਂ?'
'ਮੈਂ ਤਾਂ ਫਸ ਗਿਆ'

'ਮੰਮੀ, ਪੀ ਟੀ ਐੱਮ 'ਤੇ
ਤੁਸੀਂ ਨਾ ਆਇਓ।
ਪਤਾ ਫਰੈੱਡਸ ਸਾਹਮਣੇ ਕਿੰਨਾ ਬੁਰਾ ਲੱਗਦਾ
ਜਦੋਂ ਤੁਸੀਂ ਇੰਗਲਿਸ਼ ਨਹੀਂ ਸਮਝਦੇ!'
'ਥੋਨੂੰ ਜਮਾਂ ਈ ਡਰੈੱਸ ਸੈਂਸ ਨ੍ਹੀਂ ਹੈਗੀ'

'ਕੀ ਗੱਲ? ਵਿਹਲੀ ਬੈਠੀ ਏਂ?'
'ਕੰਮ-ਧੰਦਾ ਨਹੀਂ ਕੋਈ?'
ਆਹ ਭਾਂਡਿਆਂ ਦੀ ਗਾਰ ਤੇਰੇ ਪਿਛਲੇ ਆ ਕੇ ਮਾਂਜਣਗੇ?'

'ਆਹ ਕੀ ਏ?'
'ਤਨਖਾਹ ਲੈਣੀ ਏ ਤਾਂ ਕੰਮ ਠੀਕ ਕਰਿਆ ਕਰੋ।'
'ਆਪਣੀਆਂ ਘਰੇਲੂ ਮੁਸ਼ਕਲਾਂ ਨੂੰ ਘਰੇ ਛੱਡ ਕੇ ਆਇਆ ਕਰੋ।'
'ਇਥੇ ਤੁਸੀਂ ਤਫ਼ਰੀਹ ਕਰਨ ਨਹੀਂ ਆਉਂਦੇ।'

ਹੁਣ ਔਰਤ
ਹਰ ਗੱਲ ਸੁਣ ਕੇ
ਕੰਨਾਂ ਮੁੱਢ ਤਾਂ ਮਾਰ ਨਹੀਂ ਸਕਦੀ
ਦਿਲ ਤੇ ਕੰਨਾਂ ਵਿਚਾਲੇ
ਦੂਰੀ ਵੀ ਤਾਂ ਕਿੰਨੀ ਘੱਟ ਏ
ਨਾ ਚਾਹੁੰਦਿਆਂ ਵੀ ਕੋਈ ਨਾ ਕੋਈ ਗੱਲ
ਦਿਲ ਤੱਕ ਪਹੁੰਚ ਹੈ ਸਕਦੀ
ਬਹੁਤ ਜ਼ਰੂਰੀ ਹੈ
ਔਰਤ ਦੇ ਸਿਰ ਤੋਂ ਲੰਘਦੇ ਇੱਕ ਬਾਈਪਾਸ ਦਾ ਹੋਣਾ

ਨਵਾਂ ਇਤਿਹਾਸ

ਮਿਥਿਹਾਸ ਦੇ ਪੰਨਿਆਂ ਵਿੱਚੋਂ
ਦਵਾਪਰ ਯੁੱਗ ਦੀ ਦ੍ਰੋਪਦੀ ਨੂੰ ਕੌਰਵਾਂ ਵੱਲੋਂ
ਬੇਇੱਜ਼ਤ ਕੀਤੇ ਜਾਣ ਵਾਲੇ ਕਾਂਡ ਦਾ ਹਵਾਲਾ ਦੇ ਕੇ
ਬੇਇੱਜ਼ਤ ਹੋ ਰਹੀਆਂ ਔਰਤਾਂ ਨੂੰ
ਅੱਜ ਦੀਆਂ ਦ੍ਰੋਪਦੀਆਂ ਗਰਦਾਨਣਾ
ਸਰਾਸਰ ਗਲਤ ਫੈਸਲਾ ਹੈ
ਭਲਾ ਦੋਹਾਂ ਦਾ ਆਪਸ ਵਿੱਚ
ਕੀ ਮੁਕਾਬਲਾ ਹੈ?
ਪ੍ਰਤੱਖ ਨੂੰ ਪ੍ਰਮਾਣ ਕੀ?

ਉਸ ਸਭਾ ਅੰਦਰ
ਗਿਣੀ-ਚੁਣੀ ਮੌਜੂਦਗੀ ਸਾਹਵੇਂ
ਕ੍ਰਿਸ਼ਨ ਦੇ ਥਾਨ 'ਚੋਂ ਲੱਥਦੀ
ਗਜ਼ਾਂ ਲੰਮੀ ਲੰਬਾਈ ਵਾਲੀ
ਸਾੜ੍ਹੀ ਅੰਦਰ ਲਿਪਟੀ ਦ੍ਰੋਪਦੀ ਦਾ
ਇੱਕ ਅੰਗ ਵੀ ਕਿਸੇ ਨਹੀਂ ਵੇਖਿਆ
ਪਰ ਸਰੇਆਮ ਔਰਤਾਂ ਦੇ
ਅਲਫ ਨੰਗੇ ਤਨਾਂ ਦੀ ਪਰੇਡ ਕਰਦਿਆਂ
ਉਨ੍ਹਾਂ ਦੇ ਅੰਗਾਂ ਨਾਲ ਖੇਡਦਿਆਂ
ਕੌਰਵ-ਕੁਲ ਦੇ ਵਾਰਸਾਂ ਹੱਥੋਂ ਹੋਏ
ਚੀਰ-ਹਰਣ ਦਾ
ਕੁਲ ਸੰਸਾਰ ਗਵਾਹ ਹੈ

ਮਹਾਂ-ਬੇਸ਼ਰਮੀ ਦੇ ਇਸ ਕਾਂਡ ਨੇ
ਕਲਯੁੱਗ ਵਿੱਚ ਨਵਾਂ ਇਤਿਹਾਸ ਸਿਰਜਿਆ ਹੈ

ਵਿਰਾਸਤੀ ਹੁਨਰ

ਬਲਾ ਦਾ ਹੁਨਰ ਹੁੰਦਾ
ਹਰ ਪੀੜ੍ਹੀ ਦੀ ਔਰਤ ਅੰਦਰ
ਅੱਖ ਦੇ ਪਲਕਾਰੇ 'ਚ ਸੁੰਘ ਲੈਂਦੀ
ਆਪਣੇ ਪਤੀ ਦੀ ਚਮੜੀ 'ਚੋਂ ਉੱਠਦੀ
ਬੇਵਫਾਈ ਦੀ ਬਦਬੋ
ਫਿਰ ਅੱਗ ਬਬੂਲਾ ਹੋ
ਚੁੱਕਦੀ ਉਤਾਂਹ, ਬਗ਼ਾਵਤੀ ਬਾਂਹ
ਪਰ ਉਸੇ ਵੇਲੇ
ਦੂਜੇ ਕਮਰੇ 'ਚੋਂ ਉੱਠਦੇ
ਬੱਚਿਆਂ ਦੇ ਠਹਾਕੇ ਸੁਣ
ਲਕੋਅ ਲੈਂਦੀ ਦਰਦ
ਧਰ ਕੇ ਬੁੱਲ੍ਹਾਂ ਉੱਤੇ ਮੁਸਕਾਨ ਮਸਨੂਈ
ਬਗ਼ਾਵਤ ਵਿੱਚ ਉੱਠੀ ਬਾਂਹ ਨੂੰ
ਉਹ ਹੇਠਾਂ ਲਾਂਹਦੀ
ਪਤੀ ਸਾਹਵੇਂ ਵਿੱਛ-ਵਿੱਛ ਜਾਂਦੀ

ਇਸ ਤਰ੍ਹਾਂ ਔਰਤ
ਵਿਰਾਸਤ 'ਚ ਮਿਲੇ
ਦਰਦ ਸਹਿਣ ਦੇ ਹੁਨਰ ਨੂੰ
ਅਮਲ 'ਚ ਲਿਆਂਦੀ
ਗਲ ਪਈ ਜੂਨ ਹੰਢਾਂਦੀ

ਮੈਂ ਕਿਉਂ ਜਾਂਦਾ ਪ੍ਰਦੇਸ ਨੀ ਮਾਂ, ਜੇ ਰੋਟੀ ਦਿੰਦਾ ਦੇਸ਼ ਨੀ ਮਾਂ

ਬਲਜਿੰਦਰ ਮਾਨ

ਪਤਾ ਨਹੀਂ ਪੰਜਾਬ ਨੂੰ ਕੀ ਮਾਰ ਵਗ ਗਈ ਹੈ। ਹਰ ਪਾਸੇ ਹਾਹਾਕਾਰ ਮਚੀ ਪਈ ਹੈ। ਘਰਾਂ ਦੇ ਘਰ ਉੱਜੜ ਰਹੇ ਨੇ। ਇਹ ਉਜਾੜਾ ਕਿਸ ਨੇ ਪਾਇਆ? ਇਸ ਬਾਰੇ ਸਭ ਜਾਣਦੇ ਨੇ, ਪਰ ਅਜੇ ਤੱਕ ਠੱਲ੍ਹ ਨਹੀਂ ਪੈ ਰਹੀ। ਨਸ਼ਿਆਂ ਦੇ ਜਾਲ ਵਿਚ ਫਸ ਕੇ ਜੁਆਨੀ ਤਬਾਹ ਹੋ ਰਹੀ ਹੈ। ਹਰ ਸ਼ਰੀਫ ਇਨਸਾਨ ਅੰਦਰ ਇਕ ਡਰ ਬੈਠਾ ਹੋਇਆ ਹੈ ਕਿ ਉਸ ਦੀ ਔਲਾਦ ਦਾ ਕੀ ਬਣੇਗਾ? ਇਸੇ ਚਿੰਤਾ ਹੇਠ ਜੀਅ ਰਹੇ ਪੰਜਾਬੀਆਂ ਕੋਲ ਇਕੋ ਇਕ ਰਾਹ ਪਰਵਾਸ ਦਿਖਾਈ ਦੇ ਰਿਹਾ ਹੈ। ਜਿਸ ਵਾਸਤੇ ਉਹ ਕਰਜ਼ਾਈ ਬਣ ਕੇ ਵੀ ਬੱਚਿਆਂ ਦਾ ਭਵਿੱਖ ਬਚਾਉਣ ਲਈ ਤੜਫ ਰਹੇ ਹਨ। ਇਕ ਅੰਦਾਜ਼ੇ ਅਨੁਸਾਰ ਸਾਲ 2022 ਵਿਚ ਸੌ ਅਰਬ ਡਾਲਰ ਵਿਦੇਸ਼ਾਂ ਨੂੰ ਸਟੱਡੀ ਫੀਸ ਦਾ ਹੀ ਭੇਜਿਆ ਗਿਆ। ਬਾਕੀ ਹਿਸਾਬ-ਕਿਤਾਬ ਵੱਖਰਾ ਹੈ। ਇਸੇ ਸਾਲ ਅੰਮ੍ਰਿਤਸਰ ਨੇੜਲੇ ਇਕ ਪਿੰਡ ਵਿਚ 25 ਤੋਂ ਜ਼ਿਆਦਾ ਨੌਜਵਾਨਾਂ ਦੀਆਂ ਮੌਤਾਂ ਹੋਈਆਂ। ਇਹਨਾਂ ਸਭ ਜੁਆਨਾਂ ਦੀ ਮੌਤ ਦਾ ਕਾਰਨ ਸਿੱਧੇ ਜਾਂ ਅਸਿੱਧੇ ਤੌਰ 'ਤੇ ਨਸ਼ੇ ਹਨ। ਪੰਜਾਬ ਵਿਚ ਨਸ਼ਿਆਂ ਦੇ ਪਸਾਰੇ ਬਾਰੇ ਪੰਜਾਬ ਪੁਲਸ ਦੱਸਦੀ ਹੈ ਕਿ ਸਾਲ 2022 ਵਿਚ ਇਕੱਲੀ ਹੈਰੋਇਨ 729.5 ਕਿੱਲੋ ਫੜੀ ਗਈ, ਜਦਕਿ ਬਾਕੀ ਨਸ਼ਿਆਂ ਦੀ ਮਾਤਰਾ ਅਲੱਗ ਹੈ। ਸਪਲਾਈ ਕਰਨ ਵਾਲੇ 16798 ਮੁਲਾਜ਼ਮਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ, ਫਿਰ ਵੀ ਨਸ਼ਿਆਂ ਦਾ ਕਾਰੋਬਾਰ ਵਧਿਆ ਹੀ ਹੈ। ਸ਼ਾਇਦ ਇਸੇ ਕਰਕੇ ਹਰ ਗੱਭਰੂ ਤੇ ਮੁਟਿਆਰ ਆਪਣਾ ਸੋਹਣਾ ਭਵਿੱਖ ਵਿਦੇਸ਼ਾਂ ਵਿਚ ਭਾਲ਼ ਰਿਹਾ ਹੈ, ਜਦਕਿ ਅਸੀਂ ਸਭ ਜਾਣਦੇ ਹਾਂ ਕਿ ਉਥੇ ਜੀਵਨ ਸੰਘਰਸ਼ ਕਿੰਨਾ ਪੇਚੀਦਾ ਹੈ।

ਪਰਵਾਸ ਉਦੋਂ ਹੁੰਦੀ ਹੈ, ਜਦੋਂ ਕਿਤੇ ਵਸਦੇ ਲੋਕਾਂ 'ਤੇ ਸੰਕਟ ਆਇਆ ਹੋਇਆ ਹੋਵੇ। ਜਿਵੇਂ ਲੜਾਈ ਕਾਰਨ ਯੂਕਰੇਨ ਤੋਂ ਲੋਕ ਕੈਨੇਡਾ ਵਰਗੇ ਦੇਸ਼ਾਂ ਵਿਚ ਸ਼ਰਨ ਲੈ ਰਹੇ ਹਨ। ਇਸੇ ਤਰ੍ਹਾਂ 1845-55 ਵਿਚ ਆਇਰਲੈਂਡ ਵਿਚ ਪਏ ਕਾਲ ਕਾਰਨ 15 ਲੱਖ ਲੋਕ ਅਮਰੀਕਾ ਪਹੁੰਚੇ ਸਨ, ਪਰ ਪੰਜਾਬ ਵਿਚ ਕੋਈ ਕਾਲ ਜਾਂ ਹਮਲਾ ਨਹੀਂ ਹੋ ਰਿਹਾ। ਬਸ ਇਕੋ ਹਮਲਾ ਨਸ਼ਿਆਂ ਅਤੇ ਬੇਰੁਜ਼ਗਾਰੀ ਦਾ ਹੈ। ਸਰਕਾਰਾਂ ਨੇ ਕਾਰਪੋਰੇਟਾਂ ਹੱਥ ਸਭ ਕੁੱਝ ਵੇਚ ਕੇ ਜਨਤਾ ਨੂੰ ਉਹਨਾਂ ਦੀ ਹੋਣੀ ਹੱਥ ਸੌਂਪ ਦਿੱਤਾ ਹੈ। ਸਾਡੀ ਮਾਨਸਿਕਤਾ 'ਤੇ ਮੰਡੀ ਦਾ ਕਬਜ਼ਾ ਹੋ ਚੁੱਕਾ ਹੈ। ਕਾਰਪੋਰੇਟਾਂ ਵੱਲੋਂ ਮੁੱਠੀ ਕਾਮਿਆਂ ਦੀਆਂ ਜੇਬਾਂ ਭਰ ਕੇ ਬਾਕੀਆਂ ਦਾ ਲਹੂ ਪੀਤਾ ਜਾ ਰਿਹਾ ਹੈ ਅਤੇ ਬੇਕਾਰੀ ਦਾ ਆਲਮ ਸਿਰਜਿਆ ਜਾ ਰਿਹਾ ਹੈ। ਜੇ ਗੱਭਰੂ ਹੱਥ ਕੰਮ ਹੋਵੇ ਤਾਂ ਉਹ ਕਦੀ ਵੀ ਕੁਰਾਹੇ ਨਹੀਂ ਪੈ ਸਕਦਾ। ਬੇਕਾਰੀ ਕਾਰਨ ਹੀ ਨੌਜਵਾਨ ਪੀੜ੍ਹੀ ਕੁਰੀਤੀਆਂ ਦੇ ਰਾਹੇ ਪੈ ਰਹੀ ਹੈ।

ਪੰਜਾਬੀ ਨੌਜਵਾਨਾਂ ਦੇ ਪਰਵਾਸ ਬਾਰੇ ਮਿਲੇ ਅੰਕੜੇ ਭਾਵੇਂ ਸਹੀ ਨਾ ਵੀ ਹੋਣ, ਪਰ ਇਹ ਚਿੰਤਤ ਜ਼ਰੂਰ ਕਰਦੇ ਹਨ। ਇਹਨਾਂ ਅਨੁਸਾਰ 2016 ਤੋਂ ਫਰਵਰੀ 2021 ਤੱਕ 9.84 ਲੱਖ ਲੋਕਾਂ ਨੇ ਪੰਜਾਬ ਤੇ ਚੰਡੀਗੜ੍ਹ ਤੋਂ ਪਰਵਾਸ ਕੀਤਾ। ਇਹਨਾਂ ਵਿੱਚੋਂ 3 ਲੱਖ 79 ਹਜ਼ਾਰ ਵਿਦਿਆਰਥੀ ਵੀਜ਼ੇ 'ਤੇ ਗਏ, ਜਦਕਿ ਸਰਕਾਰੀ ਅੰਕੜਿਆਂ ਅਨੁਸਾਰ 2016 ਵਿਚ 36 ਹਜ਼ਾਰ 2019 ਵਿਚ 73 ਹਜ਼ਾਰ ਅਤੇ 2022 ਵਿਚ ਇਹ ਗਿਣਤੀ ਦੁੱਗਣੀ ਹੋਈ ਹੋਵੇਗੀ। ਪੰਜਾਬ ਵਿਚ ਵੱਸਦੇ ਲੱਗਭੱਗ 60 ਲੱਖ ਪਰਵਾਰਾਂ ਵਿੱਚੋਂ ਹਰ ਛੇਵੇਂ ਪਰਵਾਰ ਦਾ ਬੱਚਾ ਵਿਦੇਸ਼ਾਂ ਵਿਚ ਪੜ੍ਹਨ ਜਾ ਰਿਹਾ ਹੈ। ਜਿਹੜਾ ਵਿਦੇਸ਼ ਚਲਾ ਜਾਂਦਾ ਹੈ, ਉਹ ਆਪਣੇ-ਆਪ ਨੂੰ ਖੁਸ਼ਕਿਸਮਤ ਸਮਝਦਾ ਹੈ। ਉਸ ਦੇ ਮਾਪੇ ਉਸ ਨੂੰ ਨਸ਼ਿਆਂ ਦੀ ਹਨੇਰੀ ਤੋਂ ਬਚਿਆ ਸਮਝਦੇ ਹਨ। ਜਿਹੜਾ ਪੰਜਾਬ ਦੁਨੀਆ ਲਈ ਰਾਹ-ਦਸੇਰਾ ਬਣਿਆ ਰਿਹਾ, ਅੱਜ ਉਹ ਪਰਦੇਸਾਂ ਦੇ ਰਾਹੇ ਪਿਆ ਹੋਇਆ ਹੈ। ਇਸ ਗੰਭੀਰ ਮਸਲੇ ਵੱਲ ਮੌਕੇ ਦੇ ਨੀਤੀਘਾੜਿਆਂ ਵੱਲੋਂ ਗੌਰ ਨਾ ਕਰਨ ਕਰਕੇ ਹੀ ਅਜਿਹੀ ਸਥਿਤੀ ਪੈਦਾ ਹੋਈ ਹੈ।

ਪੰਜਾਬ ਦੇ ਪੈਸੇ ਦੀ ਗੱਲ ਕਰੀਏ ਤਾਂ ਹਰ ਸਾਲ ਲੱਗਭੱਗ 1.45 ਲੱਖ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਾਈ ਲਈ 25 ਅਰਬ 30 ਕਰੋੜ ਰੁਪਏ ਖਰਚ ਕਰਦੇ ਹਨ। 80 ਫੀਸਦੀ ਮਾਪੇ ਬਾਰ੍ਹਵੀਂ ਤੋਂ ਬਾਅਦ ਬੱਚਿਆਂ ਨੂੰ ਵਿਦੇਸ਼ ਭੇਜਣ ਦੇ ਇੱਛੁਕ ਹਨ ਅਤੇ 90

ਫੀਸਦੀ ਵਿਦਿਆਰਥੀ ਪੰਜਾਬ ਦੀ ਬਜਾਏ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਅਮਰੀਕਾ, ਯੂਰਪ ਅਤੇ ਹੋਰ ਦੇਸ਼ਾਂ ਵਿੱਚ ਜਾਣ ਦੇ ਪੱਖ ਵਿੱਚ ਹਨ। ਪੰਜਾਬ ਦੇ ਬੱਜਟ ਦਾ ਲੱਗਭੱਗ 17 ਫੀਸਦੀ ਹਿੱਸਾ ਹਰ ਸਾਲ ਮਾਪਿਆਂ ਵੱਲੋਂ ਬੱਚਿਆਂ ਦੀ ਪੜ੍ਹਾਈ ਲਈ ਦੂਜੇ ਦੇਸ਼ਾਂ ਵਿੱਚ ਭੇਜਿਆ ਜਾ ਰਿਹਾ ਹੈ। ਗੈਰ-ਕਾਨੂੰਨੀ ਢੰਗ ਨਾਲ ਟ੍ਰੈਵਲ ਏਜੰਟ ਨੌਜਵਾਨਾਂ ਤੋਂ 10 ਤੋਂ 20 ਲੱਖ ਲੈ ਕੇ ਬਾਹਰ ਭੇਜਦੇ ਹਨ, ਜਿਸ ਨਾਲ ਬਾਹਰ ਜਾਣ ਵਾਲਾ ਪੈਸਾ ਹੋਰ ਵੀ ਵਧ ਜਾਂਦਾ ਹੈ। ਬੱਚਿਆਂ ਵੱਲੋਂ ਵਿਦੇਸ਼ਾਂ ਵਿੱਚ ਕਮਾਇਆ ਧਨ ਹੁਣ ਵਾਪਸ ਪੰਜਾਬ ਨਹੀਂ ਆ ਰਿਹਾ, ਸਗੋਂ ਵਿਦੇਸ਼ ਪੜ੍ਹਦੇ ਬੱਚੇ ਉੱਥੇ ਹੀ ਰੀਅਲ ਅਸਟੇਟ, ਟਰਾਂਸਪੋਰਟ, ਕੋਠੀਆਂ ਜਾਂ ਕਾਰਾਂ 'ਤੇ ਹੀ ਖਰਚ ਰਹੇ ਹਨ। ਵਿਦੇਸ਼ ਗਏ ਬੱਚੇ ਉਥੋਂ ਦੀ ਪੜ੍ਹਾਈ ਕਰਕੇ ਕਦੀ ਪੰਜਾਬ ਵਾਪਸ ਨਹੀਂ ਆਉਣਗੇ। ਉਹਨਾਂ ਦੀ ਔਲਾਦ ਤਾਂ ਸੈਰ ਕਰਨ ਲਈ ਭਾਰਤ ਨੂੰ ਕੋਈ ਤਰਜੀਹ ਨਹੀਂ ਦਿੰਦੀ। ਬੱਚੇ ਆਪਣੇ ਬਜ਼ੁਰਗ ਮਾਪਿਆਂ ਨੂੰ ਇੱਥੋਂ ਦੀ ਜ਼ਮੀਨ-ਜਾਇਦਾਦ ਵੇਚ ਕੇ ਕੈਨੇਡਾ ਵਰਗੇ ਦੇਸ਼ਾਂ ਵਿਚ ਰਹਿਣ ਲਈ ਮਜਬੂਰ ਕਰ ਰਹੇ ਹਨ। ਜਦੋਂ ਇੱਥੇ ਆਏ ਪਰਵਾਸੀਆਂ ਦੀ ਮੰਦਹਾਲੀ ਹੁੰਦੀ ਹੈ ਤਾਂ ਉਹ ਕਦੀ ਦੁਬਾਰਾ ਵਾਪਸ ਆਉਣ ਦੀ ਗੱਲ ਭੁੱਲ ਕੇ ਵੀ ਨਹੀਂ ਕਰਦੇ।

ਬੇਰੁਜ਼ਗਾਰੀ ਦੇ ਮਾਸਿਕ ਅੰਕੜਿਆਂ 'ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਹਾਲਤ ਭਾਵੇਂ ਸਹਿਜੇ-ਸਹਿਜੇ ਬਿਹਤਰੀ ਵੱਲ ਵਧ ਰਹੀ ਹੈ, ਪਰ ਹਰ ਕਸਬੇ ਅਤੇ ਸ਼ਹਿਰਾਂ ਵਿਚ ਵਧ ਰਹੇ ਆਈਲੈਟਸ ਸੈਂਟਰ ਪਰਵਾਸ ਦੇ ਵਾਧੇ ਦੇ ਰੁਝਾਨ ਦਾ ਖਤਰਨਾਕ ਦ੍ਰਿਸ਼ ਪੇਸ਼ ਕਰਦੇ ਹਨ। ਸੈਂਟਰ ਫਾਰ ਮੋਨੀਟਰਿੰਗ ਆਫ ਇੰਡੀਆ ਇਕਾਨਮੀ ਪ੍ਰਾਈਵੇਟ ਲਿਮਟਿਡ ਅਨੁਸਾਰ ਭਾਰਤ ਵਿਚ ਜਨਵਰੀ 2023 ਦੀ ਬੇਰੁਜ਼ਗਾਰੀ ਦਰ 7.8% ਹੈ, ਜਦਕਿ ਦਿਹਾਤੀ ਇਲਾਕਿਆਂ ਦੀ 7.1% ਅਤੇ ਸ਼ਹਿਰੀ ਹਲਕਿਆਂ ਦੀ ਇਹ ਦਰ 9.4% ਹੈ। ਪੰਜਾਬ ਦੇਸ਼ ਦੇ ਮੁਕਾਬਲੇ 6.8% ਨਾਲ ਬਿਹਤਰ ਦਿਖਾਈ ਦਿੰਦਾ ਹੈ। ਪੰਜਾਬ ਵਿੱਚੋਂ ਬਰੇਨ ਡਰੇਨ ਦਾ ਮੁੱਖ ਕਾਰਨ ਬੇਕਾਰੀ ਮੰਨਿਆ ਜਾ ਸਕਦਾ ਹੈ।

ਹਾਕਮਾਂ ਦਾ ਕਾਰਪੋਰੇਟ ਘਰਾਣਿਆਂ ਹੱਥੀਂ ਖੇਡਣਾ, ਸਿਰਫ ਤੇ ਸਿਰਫ ਆਪੇ ਨੂੰ ਦੇਖਣ ਨਾਲ ਅਜਿਹੀਆਂ ਹੋਣੀਆਂ ਵਾਪਰਦੀਆਂ ਹਨ। ਸਰਬੱਤ ਦੇ ਭਲੇ ਅਤੇ ਲੋਕ ਕਲਿਆਣ ਦੀਆਂ ਨੀਤੀਆਂ ਨੂੰ ਛੱਡਣ ਕਾਰਨ ਲੋਕ ਬੇਵੱਸ ਹੋ ਜਾਂਦੇ ਹਨ। ਪੰਜਾਬ ਅਤੇ ਪੰਜਾਬੀ ਦੀ ਹੋਂਦ ਨੂੰ ਬਚਾਉਣ ਲਈ ਇਸ ਵਹਿਣ ਨੂੰ ਰੋਕਣਾ ਜ਼ਰੂਰੀ ਹੈ। ਪਰਵਾਸ ਦੇ ਦਰਦ ਹੰਢਾ ਰਹੇ ਮਾਪੇ ਤੇ ਬੱਚੇ ਹਾਕਮਾਂ ਨੂੰ ਕੋਸ ਰਹੇ ਹਨ। ਇਸੇ ਕਰਕੇ ਇਸ ਗੀਤ ਦੀਆਂ ਲਾਈਨਾਂ ਇੱਥੇ ਢੁਕਦੀਆਂ ਹਨ:-'ਮੈਂ ਕਿਉਂ ਜਾਂਦਾ ਪ੍ਰਦੇਸ਼ ਨੀ ਮਾਂ, ਜੇ ਰੋਟੀ ਦਿੰਦਾ ਦ

17-Dec-Sunday.qxd 12/16/2023 10:44 PM Page 2

ਭਾਰਤ 'ਚ ਲੋਕਤੰਤਰ ਦੇ ਖ਼ਤਮ ਹੋਣ ਦਾ ਅਸਰ ਪੂਰੀ ਦੁਨੀਆ 'ਤੇ ਪਵੇਗਾ : ਅਰੁੰਧਤੀ ਰਾਏ

ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਨੂੰ ਉਨ੍ਹਾਂ ਦੇ ਲੇਖ 'ਆਜ਼ਾਦੀ' ਦੇ ਫਰਾਂਸੀਸੀ ਅਨੁਵਾਦ - ਲਿਬਰਟੇ, ਫਾਸ਼ਿਜ਼ਮ, ਫਿਕਸ਼ਨ - ਦੇ ਮੌਕੇ 'ਤੇ 12 ਸਤੰਬਰ ਨੂੰ ਉਨ੍ਹਾਂ ਦੀ ਜੀਵਨ ਭਰ ਦੀ ਪ੍ਰਾਪਤੀ ਲਈ 45ਵੇਂ ਯੂਰਪੀਅਨ ਨਿਬੰਧ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਦਿੱਤੇ ਗਏ ਭਾਸ਼ਣ ਦਾ **ਬੂਟਾ ਸਿੰਘ ਮਹਿਮੂਦਪੁਰ** *ਵੱਲੋਂ ਕੀਤਾ ਪੰਜਾਬੀ ਅਨੁਵਾਦ ਪੇਸ਼ ਹੈ* **-ਸੰਪਾਦਕ**

2023 ਦੇ 'ਯੂਰਪੀ ਨਿਬੰਧ ਪੁਰਸਕਾਰ' ਨਾਲ ਮੈਨੂੰ ਸਨਮਾਨਿਤ ਕਰਨ ਲਈ ਮੈਂ ਚਾਰਲਸ ਵੇਈਲੌਨ ਫਾਊਂਡੇਸ਼ਨ ਦਾ ਧੰਨਵਾਦ ਕਰਦੀ ਹਾਂ। ਮੈਂ ਇਸ ਸਮੇਂ ਤੁਹਾਨੂੰ ਦੱਸ ਨਹੀਂ ਸਕਦੀ ਕਿ ਇਹ ਸਨਮਾਨ ਪ੍ਰਾਪਤ ਕਰਕੇ ਮੈਂ ਕਿੰਨੀ ਖ਼ੁਸ਼ ਹਾਂ। ਸ਼ਾਇਦ ਮੈਂ ਸ਼ੇਖ਼ੀ ਮਾਰ ਰਹੀ ਹਾਂ। ਮੈਨੂੰ ਸਭ ਤੋਂ ਵੱਧ ਖ਼ੁਸ਼ੀ ਇਸ ਗੱਲ ਦੀ ਹੈ ਕਿ ਇਹ ਪੁਰਸਕਾਰ ਸਾਹਿਤ ਲਈ ਹੈ। ਸ਼ਾਂਤੀ ਲਈ ਨਹੀਂ, ਸੱਭਿਆਚਾਰ ਜਾਂ ਸੱਭਿਆਚਾਰਕ ਸੁਤੰਤਰਤਾ ਲਈ ਨਹੀਂ, ਸਗੋਂ ਸਾਹਿਤ ਲਈ। ਲਿਖਣ ਲਈ; ਅਤੇ ਉਸ ਤਰ੍ਹਾਂ ਦੀ ਲੇਖਣੀ ਲਈ ਜਿਸ ਤਰ੍ਹਾਂ ਦਾ ਮੈਂ ਲਿਖਦੀ ਹਾਂ ਅਤੇ ਪਿਛਲੇ 25 ਸਾਲਾਂ ਤੋਂ ਲਿਖ ਰਹੀ ਹਾਂ।

ਅੱਜ ਭਾਰਤ ਵਿਚ ਉਨ੍ਹਾਂ ਨੇ ਕਦਮ-ਦਰ-ਕਦਮ ਅੱਗੇ ਵਧਦੇ ਹੋਏ ਮੁਲਕ ਦਾ ਪਹਿਲਾਂ ਬਹੁਗਿਣਤੀਵਾਦ ਅਤੇ ਫਿਰ ਪੂਰੇ ਵਿਕਸਿਤ ਫਾਸ਼ੀਵਾਦ ਵਿਚ ਪਤਨ ਯਕੀਨੀ ਬਣਾ ਲਿਆ ਹੈ। (ਹਾਲਾਂਕਿ ਕੁਝ ਲੋਕ ਇਸ ਨੂੰ ਉਭਾਰ ਵਜੋਂ ਲੈ ਰਹੇ ਹਨ।) ਹਾਂ, ਸਾਡੇ ਇੱਥੇ ਚੋਣਾਂ ਹੁੰਦੀਆਂ ਹਨ ਅਤੇ ਇਸੇ ਕਾਰਨ ਇਕ ਭਰੋਸੇਯੋਗ ਵੋਟਰ ਸਮੂਹ ਤਿਆਰ ਕਰਨ ਲਈ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਹਿੰਦੂ ਸਰਵਉੱਚਤਾ ਦੇ ਸੰਦੇਸ਼ ਨੂੰ 140 ਕਰੋੜ ਲੋਕਾਂ ਦੀ ਆਬਾਦੀ ਤੱਕ ਲਗਾਤਾਰ ਪ੍ਰਸਾਰਿਤ ਕੀਤਾ ਗਿਆ ਹੈ। ਸਿੱਟੇ ਵਜੋਂ ਭਾਰਤ ਦੀਆਂ ਘੱਟਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ ਅਤੇ ਈਸਾਈਆਂ ਲਈ ਚੋਣਾਂ ਦੀ ਰੁੱਤ ਸਭ ਤੋਂ ਖ਼ਤਰਨਾਕ ਸਮਾਂ ਬਣ ਜਾਂਦਾ ਹੈ, ਜਦੋਂ ਉਨ੍ਹਾਂ ਦੇ ਕਤਲ, ਲਿੰਚਿੰਗ ਅਤੇ ਉਨ੍ਹਾਂ ਨੂੰ ਨਿਸ਼ਾਨਾ ਬਣਾ ਕੇ ਬਿਆਨਬਾਜ਼ੀ ਆਮ ਹ�و ਜਾਂਦੀ ਹੈ।

ਹਾਲਤ ਇਹ ਹੈ ਕਿ ਹੁਣ ਸਾਨੂੰ ਸਿਰਫ਼ ਆਪਣੇ ਆਗੂਆਂ ਤੋਂ ਨਹੀਂ, ਸਗੋਂ ਆਬਾਦੀ ਦੇ ਇਕ ਪੂਰੇ ਹਿੱਸੇ ਤੋਂ ਡਰਨਾ ਪੈ ਰਿਹਾ ਹੈ। ਗੰਦਗੀ ਏਨੀ ਆਮ, ਏਨੀ ਸਾਧਾਰਨ ਹੋ ਗਈ ਹੈ ਕਿ ਹੁਣ ਸਾਡੀਆਂ ਸੜਕਾਂ 'ਤੇ, ਸਾਡੇ ਕਲਾਸਰੂਮਾਂ ਵਿਚ, ਬਹੁਤ ਸਾਰੀਆਂ ਜਨਤਕ ਥਾਵਾਂ 'ਤੇ ਪ੍ਰਗਟ ਹੋਣ ਲੱਗ ਪਈ ਹੈ। ਮੁੱਖਧਾਰਾ ਪ੍ਰੈੱਸ, 24 ਘੰਟੇ ਚੱਲਣ ਵਾਲੇ ਸੈਂਕੜੇ ਨਿਊਜ਼ ਚੈਨਲਾਂ ਦੀ ਵਰਤੋਂ ਫਾਸ਼ੀਵਾਦੀ ਬਹੁਗਿਣਤੀਵਾਦ ਨੂੰ ਫੈਲਾਉਣ ਲਈ ਕੀਤੀ ਜਾਂਦੀ ਹੈ। ਵਾਸਤਵ ਵਿਚ, ਭਾਰਤ ਦੇ ਸੰਵਿਧਾਨ ਨੂੰ ਦਰਕਿਨਾਰ ਕਰ ਦਿੱਤਾ ਗਿਆ ਹੈ। ਇੰਡੀਅਨ ਪੀਨਲ ਕੋਡ ਨੂੰ ਦੁਬਾਰਾ ਲਿਖਿਆ ਜਾ ਰਿਹਾ ਹੈ। ਜੇਕਰ ਮੌਜੂਦਾ ਹਕੂਮਤ 2024 ਵਿਚ ਮੁੜ ਬਹੁਮਤ ਹਾਸਲ ਕਰ ਲੈਂਦੀ ਹੈ ਤਾਂ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਸਾਡੇ ਸਾਹਮਣੇ ਇਕ ਨਵਾਂ ਸੰਵਿਧਾਨ ਹੋਵੇਗਾ।

ਪੂਰੀ ਸੰਭਾਵਨਾ ਹੈ ਕਿ "ਸੀਮਾਬੰਦੀ" ਹੋਵੇਗੀ, ਭਾਵ ਆਪਣੇ ਚੁਣਾਵੀ ਫ਼ਾਇਦੇ ਲਈ ਚੋਣ-ਹਲਕਿਆਂ ਨੂੰ ਨਵੇਂ ਸਿਰਿਓਂ ਬਣਾਉਣ ਦੀ ਚਲਾਕੀ, ਜਿਸ ਨੂੰ ਅਮਰੀਕਾ ਵਿਚ ਗੈਰੀਮੈਂਡਰਿੰਗ ਕਿਹਾ ਜਾਂਦਾ ਹੈ। ਇਸ ਨਾਲ ਉੱਤਰੀ ਭਾਰਤ ਦੇ ਉਨ੍ਹਾਂ ਹਿੰਦੀ ਬੋਲਣ ਵਾਲੇ ਰਾਜਾਂ ਵਿਚ ਵਧੇਰੇ ਸੰਸਦੀ ਸੀਟਾਂ ਆਉਣਗੀਆਂ ਜਿੱਥੇ ਭਾਜਪਾ ਦਾ ਵੱਡਾ ਹਮਾਇਤੀ ਆਧਾਰ ਹੈ। ਇਸ ਨਾਲ ਦੱਖਣੀ ਰਾਜਾਂ ਵਿਚ ਭਾਰੀ ਰੋਹ ਫੈਲੇਗਾ ਅਤੇ ਪੂਰਾ ਸ਼ੱਕ ਹੈ ਕਿ ਇਸ ਨਾਲ ਭਾਰਤ ਅੰਦਰੋਂ ਖੰਡਿਤ ਹੋ ਜਾਵੇਗਾ ਅਤੇ ਖੇਤਰੀ ਟਕਰਾਓ ਸ਼ੁਰੂ ਹੋ ਜਾਵੇਗਾ। ਇੱਥੋਂ ਤੱਕ ਕਿ ਜੇ ਉਹ ਚੋਣਾਂ ਵਿਚ ਹਾਰ ਵੀ ਜਾਂਦੇ ਹਨ, ਜਿਸ ਦੀ ਸੰਭਾਵਨਾ ਘੱਟ ਹੈ, ਫਿਰ ਵੀ ਗ਼ਲਬਾਵਾਦੀ ਜ਼ਹਿਰ ਬਹੁਤ ਡੂੰਘਾ ਉਤਰ ਚੁੱਕਾ ਹੈ ਅਤੇ ਇਸ ਨੇ ਹਰ ਉਸ ਜਨਤਕ ਅਦਾਰੇ ਵਿਚ ਘਰ ਕਰ ਲਿਆ ਹੈ, ਜੋ ਸੱਤਾ ਦੇ ਕੰਟਰੋਲ ਅਤੇ ਸੰਤੁਲਨ ਦੀ ਨਿਗਰਾਨੀ ਕਰਨ ਲਈ ਬਣਾਇਆ ਗਿਆ ਹੈ। ਦਰਅਸਲ, ਸੁਪਰੀਮ ਕੋਰਟ ਨੂੰ ਛੱਡ ਕੇ, ਜੋ ਪਹਿਲਾਂ ਹੀ ਖੋਖਲੀ ਅਤੇ ਕਮਜ਼ੋਰ ਬਣਾ ਦਿੱਤੀ ਗਈ ਹੈ, ਕੋਈ ਹੋਰ ਸੰਸਥਾ ਬਚੀ ਹੀ ਨਹੀਂ ਹੈ।

ਮੈਂ ਇਕ ਵਾਰ ਫਿਰ ਮੈਨੂੰ ਇਹ ਵੱਕਾਰੀ ਪੁਰਸਕਾਰ ਦੇਣ ਅਤੇ ਮੇਰੇ ਕੰਮ ਨੂੰ ਮਾਨਤਾ ਦੇਣ ਲਈ ਤੁਹਾਡਾ ਧੰਨਵਾਦ ਕਰਦੀ ਹਾਂ-ਹਾਲਾਂਕਿ ਮੈਂ ਤੁਹਾਨੂੰ ਇਹ ਵੀ ਦੱਸਣਾ ਚਾਹਾਂਗੀ ਕਿ ਲਾਈਫਟਾਈਮ ਅਚੀਵਮੈਂਟ ਐਵਾਰਡ ਵਿਅਕਤੀ ਨੂੰ ਬੁੱਢਾ ਮਹਿਸੂਸ ਕਰਨ ਲਾ ਦਿੰਦਾ ਹੈ। ਇਸ ਦਾ ਮਤਲਬ ਹੈ ਕਿ ਮੈਨੂੰ ਇਹ ਦਿਖਾਵਾ ਕਰਨਾ ਬੰਦ ਕਰਨਾ ਪਏਗਾ ਕਿ ਮੈਂ ਅਜੇ ਬੁੱਢੀ ਨਹੀਂ ਹੋਈ ਹਾਂ। ਸਾਡਾ ਪਤਨ ਕਿਸ ਪਾਸੇ ਨੂੰ ਜਾ ਰਿਹਾ ਹੈ, ਉਸ ਬਾਰੇ ਚੇਤਾਵਨੀ ਦੇਣ ਵਾਲੀ ਲੇਖਣੀ 25 ਸਾਲ ਤੱਕ ਕਰਦੇ ਰਹਿਣ ਲਈ ਪੁਰਸਕਾਰ ਪ੍ਰਾਪਤ ਕਰਨਾ ਕੁਝ ਮਾਇਨਿਆਂ 'ਚ ਇਕ ਵੱਡੀ ਵਿਡੰਬਨਾ ਹੈ। ਹਾਲਾਂਕਿ, ਉਸ ਉੱਪਰ ਧਿਆਨ ਨਹੀਂ ਦਿੱਤਾ ਗਿਆ, ਸਗੋਂ ਉਦਾਰਵਾਦੀਆਂ ਅਤੇ ਖ਼ੁਦ ਨੂੰ "ਅਗਾਂਹਵਧੂ" ਮੰਨਣ ਵਾਲਿਆਂ ਦੁਆਰਾ ਅਕਸਰ ਇਸ ਦਾ ਮਜ਼ਾਕ ਉਡਾਇਆ ਜਾਂਦਾ ਰਿਹਾ ਅਤੇ ਆਲੋਚਨਾ ਕੀਤੀ ਜਾਂਦੀ ਰਹੀ।

ਪਰ ਹੁਣ ਚੇਤਾਵਨੀ ਦੇਣ ਦਾ ਵੇਲਾ ਬੀਤ ਗਿਆ ਹੈ। ਅਸੀਂ ਇਤਿਹਾਸ ਦੇ ਇਕ ਵੱਖਰੇ ਪੜਾਅ ਵਿਚ ਹਾਂ। ਇਕ ਲੇਖਕ ਹੋਣ ਦੇ ਨਾਤੇ, ਮੈਂ ਸਿਰਫ਼ ਇਹ ਉਮੀਦ ਕਰ ਸਕਦੀ ਹਾਂ ਕਿ ਮੇਰੀ ਲੇਖਣੀ ਮੇਰੇ ਮੁਲਕ ਦੀ ਜ਼ਿੰਦਗੀ 'ਚ ਆ ਰਹੇ ਇਸ ਕਾਲੇ ਅਧਿਆਏ ਦੀ ਗਵਾਹੀ ਦੇਵੇਗੀ ਅਤੇ ਉਮੀਦ ਹੈ ਕਿ ਮੇਰੇ ਵਰਗੇ ਹੋਰ ਲੋਕਾਂ ਦਾ ਕੰਮ ਜਾਰੀ ਰਹੇਗਾ, ਤਾਂ ਕਿ ਸਨਦ ਰਹੇ ਕਿ ਅਸੀਂ ਸਾਰੇ ਉਸ ਨਾਲ ਸਹਿਮਤ ਨਹੀਂ ਸਾਂ ਜੋ ਹੋ ਰਿਹਾ ਸੀ।

ਮੈਂ ਆਪਣੀ ਜ਼ਿੰਦਗੀ ਦੀ ਕੋਈ ਅਜਿਹੀ ਯੋਜਨਾ ਨਹੀਂ ਬਣਾਈ ਸੀ ਕਿ ਮੈਂ ਇਕ ਨਿਬੰਧਕਾਰ ਬਣਾਂਗੀ। ਇਹ ਤਾਂ ਬਸ ਉਂਞ ਹੀ ਹੋ ਗਿਆ। ਮੇਰੀ ਪਹਿਲੀ ਕਿਤਾਬ 'ਦ ਗੌਡ ਆਫ ਸਮਾਲ ਥਿੰਗਜ਼' ਸੀ, ਜੋ 1997 ਵਿਚ ਛਪਿਆ ਇਕ ਨਾਵਲ ਸੀ। ਇਹ ਬਰਤਾਨਵੀ ਬਸਤੀਵਾਦ ਤੋਂ ਭਾਰਤ ਦੀ ਆਜ਼ਾਦੀ ਦੀ 50ਵੀਂ ਵਰ੍ਹੇਗੰਢ ਸੀ। ਸੀਤ ਯੁੱਧ ਖ਼ਤਮ ਹੋਏ ਨੂੰ ਅੱਠ ਸਾਲ ਹੋ ਗਏ ਸਨ ਅਤੇ ਸੋਵੀਅਤ ਕਮਿਊਨਿਜ਼ਮ ਅਫ਼ਗਾਨ-ਸੋਵੀਅਤ ਯੁੱਧ ਦੇ ਮਲਬੇ ਹੇਠ ਦੱਬਿਆ ਜਾ ਚੁੱਕਾ ਸੀ। ਇਹ ਅਮਰੀਕਾ ਦੇ ਬੋਲਬਾਲੇ ਵਾਲੇ ਇਕ-ਧਰੁਵੀ ਸੰਸਾਰ ਦੀ ਸ਼ੁਰੂਆਤ ਸੀ, ਜਿਸ ਵਿਚ ਸਰਮਾਏਦਾਰੀ ਨਿਰਵਿਰੋਧ ਜੇਤੂ ਸੀ। ਭਾਰਤ ਨੇ ਆਪਣੇ-ਆਪ ਨੂੰ ਸੰਯੁਕਤ ਰਾਜ ਅਮਰੀਕਾ ਨਾਲ ਜੋੜ ਲਿਆ ਅਤੇ ਆਪਣੀਆਂ ਮੰਡੀਆਂ ਕਾਰਪੋਰੇਟ ਸਰਮਾਏ ਲਈ ਖੋਲ੍ਹ ਦਿੱਤੀਆਂ ਸਨ।

'ਨਿੱਜੀਕਰਨ' ਅਤੇ 'ਢਾਂਚਾ ਢਲਾਈ' ਹੋਰ ਕੁਝ ਨਹੀਂ, ਮਹਿਜ਼ ਖੁੱਲ੍ਹੀ ਮੰਡੀ ਦਾ ਭਜਨ ਹੀ ਸੀ। ਭਾਰਤ ਉੱਚੀਆਂ ਸੀਟਾਂ ਉੱਪਰ ਆਪਣੀ ਜਗ੍ਹਾ ਲੈ ਰਿਹਾ ਸੀ, ਪਰ ਫਿਰ 1998 ਵਿਚ ਭਾਜਪਾ ਦੀ ਅਗਵਾਈ ਵਾਲੀ ਹਿੰਦੂ ਰਾਸ਼ਟਰਵਾਦੀ ਸਰਕਾਰ ਸੱਤਾ ਵਿਚ ਆਈ। ਸਭ ਤੋਂ ਪਹਿਲਾਂ ਕੰਮ ਜੋ ਉਸ ਨੇ ਕੀਤਾ, ਉਹ ਸੀ ਇਕ ਤੋਂ ਬਾਅਦ ਇਕ ਪ੍ਰਮਾਣੂ ਟੈਸਟ। ਲੇਖਕਾਂ, ਕਲਾਕਾਰਾਂ ਅਤੇ ਪੱਤਰਕਾਰਾਂ ਸਮੇਤ ਜ਼ਿਆਦਾਤਰ ਲੋਕਾਂ ਨੇ ਉਸ ਦਾ ਸਵਾਗਤ ਜ਼ਹਿਰੀਲੇ, ਇੰਤਹਾ ਰਾਸ਼ਟਰਵਾਦ ਦੀ ਭਾਸ਼ਾ 'ਚ ਕੀਤਾ। ਜਨਤਕ ਚਰਚਾ ਦਾ ਵਿਸ਼ਾ ਅਚਾਨਕ ਬਦਲ ਗਿਆ ਸੀ।

ਉਸ ਸਮੇਂ ਆਪਣੇ ਨਾਵਲ ਲਈ ਬੁੱਕਰ ਇਨਾਮ ਜਿੱਤਣ ਤੋਂ ਬਾਅਦ ਮੈਨੂੰ ਅਣਜਾਣੇ ਹੀ ਇਸ ਹਮਲਾਵਰ ਨਵੇਂ ਭਾਰਤ ਦੇ ਸੱਭਿਆਚਾਰਕ ਰਾਜਦੂਤਾਂ ਵਿੱਚੋਂ ਇਕ ਵਜੋਂ ਪੇਸ਼ ਕੀਤਾ ਜਾਣਾ ਸ਼ੁਰੂ ਹੋ ਗਿਆ ਸੀ। ਮੈਂ ਪ੍ਰਮੁੱਖ ਮੈਗਜ਼ੀਨਾਂ ਦੇ ਮੁੱਖ ਪੰਨੇ 'ਤੇ ਛਾ ਗਈ ਸੀ। ਮੈਨੂੰ ਪਤਾ ਸੀ ਕਿ ਜੇ ਮੈਂ ਕੁਝ ਨਹੀਂ ਕਹਾਂਗੀ ਤਾਂ ਇਹ ਮੰਨ ਲਿਆ ਜਾਵੇਗਾ ਕਿ ਮੈਂ ਇਸ ਸਭ ਕਾਸੇ ਨਾਲ ਸਹਿਮਤ ਹਾਂ। ਓਦੋਂ ਮੈਨੂੰ ਸਮਝ ਆਇਆ ਕਿ ਚੁੱਪ ਰਹਿਣਾ ਵੀ ਬੋਲਣ ਜਿੰਨਾ ਹੀ ਰਾਜਨੀਤਕ ਹੈ। ਮੈਂ ਇਹ ਵੀ ਸਮਝ ਗਈ ਕਿ ਬੋਲਣ ਨਾਲ ਸਾਹਿਤਕ ਜਗਤ ਦੀ ਪਰੀ-ਰਾਜਕੁਮਾਰੀ ਵਜੋਂ ਮੇਰਾ ਕਰੀਅਰ ਖ਼ਤਮ ਹੋ ਜਾਵੇਗਾ। ਇਸ ਤੋਂ ਵੀ ਵਧੇਰੇ, ਮੈਂ ਸਮਝ ਗਈ ਕਿ ਜੇ ਮੈਂ ਨਤੀਜਿਆਂ ਦੀ ਪਰਵਾਹ ਕੀਤੇ ਬਿਨਾਂ ਉਹ ਨਹੀਂ ਲਿਖਿਆ, ਜੋ ਮੈਂ ਮੰਨਦੀ ਹਾਂ, ਤਾਂ ਮੈਂ ਆਪਣੀ ਸਭ ਤੋਂ ਵੱਡੀ ਦੁਸ਼ਮਣ ਬਣ ਜਾਵਾਂਗੀ ਅਤੇ ਸੰਭਵ ਤੌਰ 'ਤੇ ਉਹ ਚੀਜ਼ਾਂ ਦੁਬਾਰਾ ਕਦੇ ਨਹੀਂ ਲਿਖ ਸਕਾਂਗੀ।

ਇਸ ਲਈ, ਮੈਂ ਆਪਣੀ ਲੇਖਣੀ ਨੂੰ ਬਚਾਉਣ ਲਈ ਲਿਖਿਆ। ਮੇਰਾ ਪਹਿਲਾ ਲੇਖ, 'ਕਲਪਨਾ ਦਾ ਅੰਤ', ਵਿਆਪਕ ਤੌਰ 'ਤੇ ਪੜ੍ਹੇ ਜਾਣ ਵਾਲੇ ਦੋ ਪ੍ਰਮੁੱਖ ਰਸਾਲਿਆਂ, 'ਆਊਟਲੁਕ' ਅਤੇ 'ਫਰੰਟਲਾਈਨ' ਵਿਚ ਇੱਕੋ ਸਮੇਂ ਛਪਿਆ ਸੀ। ਮੈਨੂੰ ਤੁਰੰਤ ਦੇਸ਼ਧ੍ਰੋਹੀ ਅਤੇ ਰਾਸ਼ਟਰ-ਵਿਰੋਧੀ ਕਰਾਰ ਦੇ ਦਿੱਤਾ ਗਿਆ। ਮੈਂ ਇਸ ਅਪਮਾਨ ਨੂੰ ਪ੍ਰਸੰਸਾ ਵਜੋਂ ਲਿਆ। ਇਹ ਵੱਕਾਰ ਕਿਸੇ 'ਬੁੱਕਰ ਇਨਾਮ' ਤੋਂ ਘੱਟ ਨਹੀਂ ਸੀ। ਇਹ ਕਦਮ ਮੈਨੂੰ ਡੈਮਾਂ, ਨਦੀਆਂ, ਉਜਾੜੇ, ਜਾਤ ਪ੍ਰਣਾਲੀ, ਖਣਨ, ਗ੍ਰਹਿਯੁੱਧ ਬਾਰੇ ਲਿਖਣ ਦੇ ਇਕ ਲੰਮੇ ਸਫ਼ਰ 'ਤੇ ਲੈ ਗਿਆ-ਇਕ ਅਜਿਹਾ ਸਫ਼ਰ ਜਿਸ ਨੇ ਮੇਰੀ ਸਮਝ ਨੂੰ ਹੋਰ ਡੂੰਘਾ ਕੀਤਾ ਅਤੇ ਮੇਰੇ ਗਲਪ ਤੇ ਗੈਰ-ਗਲਪ ਨੂੰ ਇਸ ਤਰੀਕੇ ਨਾਲ ਗੁੰਦ ਦਿੱਤਾ ਕਿ ਹੁਣ ਉਨ੍ਹਾਂ ਨੂੰ ਜੁਦਾ ਨਹੀਂ ਕੀਤਾ ਜਾ ਸਕਦਾ।

ਜਦੋਂ ਮੇਰੇ ਲੇਖ ਪਹਿਲੀ ਵਾਰ ਛਪੇ (ਪਹਿਲਾਂ ਵੱਡੇ ਪੈਮਾਨੇ 'ਤੇ ਪਾਠਕਾਂ 'ਚ ਜਾਣ ਵਾਲੇ ਰਸਾਲਿਆਂ ਵਿਚ, ਫਿਰ ਇੰਟਰਨੈੱਟ 'ਤੇ, ਅਤੇ ਅੰਤ ਵਿਚ ਕਿਤਾਬਾਂ ਦੇ ਰੂਪ ਵਿਚ), ਤਾਂ ਉਨ੍ਹਾਂ ਨੂੰ ਘੱਟੋ-ਘੱਟ ਕੁਝ ਹਲਕਿਆਂ 'ਚ, ਅਕਸਰ ਉਨ੍ਹਾਂ ਲੋਕਾਂ ਵੱਲੋਂ ਵੀ ਘਾਤਕ ਸ਼ੱਕ ਦੀ ਨਜ਼ਰ ਨਾਲ ਦੇਖਿਆ ਗਿਆ, ਜੋ ਲਾਜ਼ਮੀ ਤੌਰ 'ਤੇ ਇਸ ਦੇ ਰਾਜਨੀਤਕ ਰੁਖ ਨਾਲ ਅਸਹਿਮਤ ਵੀ ਨਹੀਂ ਸਨ। ਦਰਅਸਲ, ਇਹ ਲੇਖਣੀ ਉਸ ਤੋਂ ਕੁਝ ਹਟ ਕੇ ਸੀ, ਜਿਸ ਨੂੰ ਰਵਾਇਤੀ ਤੌਰ 'ਤੇ ਸਾਹਿਤ ਮੰਨਿਆ ਜਾਂਦਾ ਹੈ। ਸਾਹਿਤ ਨੂੰ ਵੱਖ-ਵੱਖ ਵਿਧਾਵਾਂ ਵਿਚ ਵੰਡ ਕੇ ਦੇਖਣ ਦੇ ਆਦੀ ਲੋਕਾਂ ਲਈ ਇਸ ਨੂੰ ਹਾਨੀਕਾਰਕ ਸਮਝਣਾ ਸੁਭਾਵਿਕ ਵੀ ਸੀ, ਕਿਉਂਕਿ ਉਨ੍ਹਾਂ ਤੋਂ ਇਹ ਫ਼ੈਸਲਾ ਨਹੀਂ ਹੋ ਰਿਹਾ ਸੀ ਕਿ ਇਹ ਲੇਖਣੀ ਅਸਲ ਵਿਚ ਕੀ ਸੀ-ਕੋਈ ਪਰਚਾ ਸੀ ਜਾਂ ਰਾਜਨੀਤਕ ਬਹਿਸ, ਅਕਾਦਮਿਕ ਲੇਖਣੀ ਸੀ, ਜਾਂ ਪੱਤਰਕਾਰੀ। ਸਫ਼ਰਨਾਮਾ ਜਾਂ ਸਿਰਫ ਸਾਹਿਤਕ ਮਾਅਰਕੇਬਾਜ਼ੀ?

ਕੁਝ ਲੋਕ ਤਾਂ ਇਸ ਨੂੰ ਲੇਖਣੀ ਮੰਨ ਹੀ ਨਹੀਂ ਰਹੇ ਸਨ। ਉਹ ਕਹਿੰਦੇ, "ਬਈ, ਤੂੰ ਲਿਖਣਾ ਕਿਉਂ ਛੱਡ ਦਿੱਤਾ ਹੈ? ਅਸੀਂ ਤੁਹਾਡੀ ਅਗਲੀ ਕਿਤਾਬ ਦੀ ਉਡੀਕ ਕਰ ਰਹੇ ਹਾਂ।" ਹੋਰ ਸੋਚਦੇ ਸਨ ਕਿ ਸਿਰਫ਼ ਪੈਸੇ ਦੇ ਕੇ ਮੇਰੇ ਤੋਂ ਲਿਖਵਾਇਆ ਜਾਂਦਾ ਹੈ। ਮੈਨੂੰ ਹਰ ਤਰ੍ਹਾਂ ਦੀਆਂ ਪੇਸ਼ਕਸ਼ਾਂ ਆਈਆਂ : "ਪਿਆਰੀ, ਮੈਨੂੰ ਤੇਰਾ ਡੈਮਾਂ 'ਤੇ ਲਿਖਿਆ ਲੇਖ ਬਹੁਤ ਪਸੰਦ ਆਇਆ, ਕੀ ਤੂੰ ਬਾਲ ਸ਼ੋਸ਼ਣ 'ਤੇ ਮੇਰੇ ਲਈ ਇਕ ਕੰਮ ਕਰ ਸਕਦੀ ਹੋ?" (ਅਜਿਹਾ ਸੱਚਮੁੱਚ ਵਾਪਰਿਆ।) ਮੈਨੂੰ ਸਖ਼ਤੀ ਨਾਲ ਲੈਕਚਰ ਦਿੱਤਾ ਗਿਆ, (ਜ਼ਿਆਦਾਤਰ ਉੱਚ ਜਾਤੀ ਦੇ ਮਰਦਾਂ ਵੱਲੋਂ) ਕਿ ਲਿਖਣਾ ਕਿਵੇਂ ਹੈ, ਮੈਨੂੰ ਕਿਹੜੇ ਵਿਸ਼ਿਆਂ 'ਤੇ ਲਿਖਣਾ ਚਾਹੀਦਾ ਹੈ, ਅਤੇ ਮੈਨੂੰ ਕਿਹੜਾ ਲਹਿਜਾ ਅਪਣਾਉਣਾ ਚਾਹੀਦਾ ਹੈ।

ਪਰ ਹੋਰ ਥਾਵਾਂ 'ਤੇ ਇਨ੍ਹਾਂ ਲੇਖਾਂ ਦਾ ਤੁਰੰਤ ਹੋਰ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ। ਇਹ ਕਿਤਾਬਚਿਆਂ ਦੇ ਰੂਪ ਵਿਚ ਛਾਪੇ ਗਏ ਅਤੇ ਮੁਫ਼ਤ ਵੰਡੇ ਗਏ, ਖ਼ਾਸ ਕਰਕੇ ਜੰਗਲਾਂ ਅਤੇ ਨਵੀਆਂ ਘਾਟੀਆਂ ਵਿਚ, ਹਮਲੇ ਝੱਲ ਰਹੇ ਪਿੰਡਾਂ ਵਿਚ, ਉਨ੍ਹਾਂ ਯੂਨੀਵਰਸਿਟੀ ਕੈਂਪਸਾਂ ਵਿਚ ਜਿੱਥੇ ਵਿਦਿਆਰਥੀ ਆਪਣੀਆਂ ਕਲਾਸਾਂ ਵਿਚ ਝੂਠੇ ਲੈਕਚਰ ਸੁਣਦੇ-ਸੁਣਦੇ ਤੰਗ ਆ ਚੁੱਕੇ ਸਨ, ਕਿਉਂਕਿ ਇਹ ਪਾਠਕ ਉਹ ਲੋਕ ਸਨ, ਜੋ ਉੱਥੇ ਸੰਘਰਸ਼ਾਂ 'ਚ ਮੂਹਰਲੀਆਂ ਕਤਾਰਾਂ 'ਚ ਸਨ, ਉਸ ਫੈਲ ਰਹੀ ਅੱਗ ਨਾਲ ਸਿੱਧੇ ਝੁਲਸ ਰਹੇ ਸਨ ਅਤੇ ਇਸ ਲਈ ਸਾਹਿਤ ਕੀ ਹੈ ਜਾਂ ਸਾਹਿਤ ਨੂੰ ਕੀ ਹੋਣਾ ਚਾਹੀਦਾ ਹੈ, ਇਸ ਬਾਰੇ ਉਨ੍ਹਾਂ ਦੇ ਵਿਚਾਰ ਪੂਰੀ ਤਰ੍ਹਾਂ ਵੱਖਰੇ ਸਨ।

ਮੈਂ ਇਸ ਦਾ ਜ਼ਿਕਰ ਇਸ ਲਈ ਕਰ ਰਹੀ ਹਾਂ, ਕਿਉਂਕਿ ਇਸੇ ਨੇ ਮੈਨੂੰ ਸਿਖਾਇਆ ਹੈ ਕਿ ਸਾਹਿਤ ਲਈ ਜਗ੍ਹਾ ਲੇਖਕਾਂ ਅਤੇ ਪਾਠਕਾਂ ਦੁਆਰਾ ਖ਼ੁਦ ਬਣਾਈ ਜਾਂਦੀ ਹੈ। ਇਹ ਕੁਝ ਮਾਇਨਿਆਂ 'ਚ ਇਕ ਨਾਜ਼ੁਕ ਜਗ੍ਹਾ ਹੈ, ਪਰ ਇਹ ਜਗ੍ਹਾ ਅਵਿਨਾਸ਼ੀ ਹੈ। ਜਦੋਂ ਇਹ ਟੁੱਟ ਜਾਂਦੀ ਹੈ ਤਾਂ ਅਸੀਂ ਇਸ ਨੂੰ ਦੁਬਾਰਾ ਬਣਾ ਲੈਂਦੇ ਹਾਂ, ਕਿਉਂਕਿ ਸਾਨੂੰ ਆਸਰਾ ਚਾਹੀਦਾ ਹੈ। ਮੈਨੂੰ ਇਹ ਵਿਚਾਰ ਬਹੁਤ ਪਸੰਦ ਹੈ ਕਿ ਸਾਹਿਤ ਉਹੀ ਹੈ ਜਿਸ ਦੀ ਜ਼ਰੂਰਤ ਹੈ। ਸਾਹਿਤ ਉਹੀ ਹੈ, ਜੋ ਆਸਰਾ ਦਿੰਦਾ ਹੈ। ਹਰ ਤਰ੍ਹਾਂ ਦਾ ਆਸਰਾ।

ਅੱਜ ਦੇ ਜ਼ਮਾਨੇ ਵਿਚ ਇਹ ਬਿਲਕੁਲ ਕਲਪਨਾ